ਵਰਿਆਮ

ਮਈ ੧੯੭੯

੧/-

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ਮਾਸਕ
ਵਰਿਆਮ
ਮਈ
੧੯੭੯

ਮੁਖ ਪੰਨੇ ਦਾ ਚਿਤ੍ਰ
ਬਾਲ ਵਰ੍ਹੇ ਦੀ ਆਮਦ ਤੇ
ਚਿਤ੍ਰਕਾਰ : ਸੁਖਵੰਤ

ਜਿਲਦ ਨੰ: ੪   ਅੰਕ ਨੰ: ੭

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐਡੀਫਰਚ, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਪ੍ਰਕਾਸ਼ਨ ਮਿਤੀ ੫-੫-੧੯੭੯

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂ 'ਨਹੀਂ'।

ਸੰਪਾਦਕ : ਜਗਦੀਸ਼ ਸਿੰਘ
ਸਹਿਯੋਗ : ਅਵਤਾਰ ਸਿੰਘ

ਮੁੱਲ ਪ੍ਰਤੀ ਕਾਪੀ : ੧ ਰੁਪਿਆ
ਸਾਲਾਨਾ ਚੰਦਾ ਦੇਸ : ੧੨ ਰੁਪਏ
„ „ ਵਿਦੇਸ਼ : ੩੦ ਰੁਪਏ (ਸਮੁੰਦਰੀ ਡਾਕ ਰਾਹੀਂ)
„ „ ਵਿਦੇਸ਼ : ੧੦੦ ਰੁਪਏ (ਹਵਾਈ ਡਾਕ ਰਾਹੀਂ)
ਲਾਈਫ ਮੈਂਬਰਸ਼ਿਪ : ੨੦੦ ਰੁਪਏ ਕੇਵਲ ਦੇਸ ਵਿਚ

ਦਫਤਰ ਦਾ ਪਤਾ :
ਮਾਸਕ ਵਰਿਆਮ,
ਲਾਡੋਵਾਲੀ ਰੋਡ
ਜਲੰਧਰ—੧੪੪੦੦੧,
ਫੋਨ : ੭੨੫੦੪ ਪੀ, ਪੀ,

Office Address
Monthly WARIAM
(Punjabi)
Ladowali Road
Jullundur-144001
Phone : 72504 P.P.

ਪੰਜਾਬੀ ਕਵੀ ਸ੍ਰੀ ਫਕੀਰ ਚੰਦ ਤੁਲੀ ਜਿਨ੍ਹਾਂ ਦੀ ਪੁਸਤਕ 'ਸਤ ਰੰਗ ਮੇਰੇ ਵੀ' ਮਿਤੀ 19-5-79 ਨੂੰ ਅੰਮ੍ਰਿਤਸਰ ਵਿਚ ਰੀਲੀਜ਼ ਹੋ ਰਹੀ। ਲੋਕ ਰੰਗ ਮੰਚ ਅੰਮ੍ਰਿਤਸਰ ਵਲੋਂ ਤੁਲੀ ਦਾ ਸਨਮਾਨ ਵੀ ਏਸੇ ਸਮੇਂ ਕੀਤਾ ਜਾ ਰਿਹਾ ਹੈ।

Sri Satguru Jagjit Singh Ji Elibrary NamdhariElibrary@gmail.com

ਸੰਪਾਦਕੀ

ਪਾਠਕਾਂ ਨਾਲ ਗਲਾਂ

ਵਰਿਆਮ ਦਾ ਮਾਰਚ ਅੰਕ (ਸੰਗੀਤ ਅੰਕ) ਅਤੇ ਅਪਰੈਲ ਅੰਕ ਲਗਭਗ ਪਾਠਕਾਂ ਨੂੰ ਇਕਠੇ ਹੀ ਪੁਜੇ ਹੋਣਗੇ। ਮਾਰਚ ਅੰਕ ਦੀ ਦੇਰੀ ਨੇ ਕਈਆਂ ਨੂੰ ਵਿਸਵਿਸੇ ਵਿਚ ਵੀ ਪਾਇਆ ਹੋਵੇਗਾ। ਪਰਚਿਆਂ ਸਬੰਧੀ ਮਾੜੀਆਂ ਖਬਰਾਂ ਦਾ ਸੰਸਾ ਅਣਹੋਣੀ ਗੱਲ ਨਹੀਂ ਕਿਉਂਕਿ ਇਸ ਰਾਹ ਤੇ ਢੁਰਘਟਨਾਵਾਂ ਦਾ ਖਤਰਾ ਸਦਾ ਹੀ ਬਣਿਆ ਰਹਿੰਦਾ ਹੈ।

ਪਰ ਮਾਰਚ ਦਾ ਅੰਕ 'ਤਿਆਰ-ਬਰ-ਤਿਆਰ' ਸਾਡੇ ਕੋਲ ਮਹੀਨਾ ਭਰ ਪਿਆ ਰਿਹਾ। ਡਾਕ ਦੇ ਮਹਿਕਮੇ ਵਲੋਂ ਪਰਚਾ ਪੋਸਟ ਕਰਨ ਸਬੰਧੀ ਦਿਤੀ ਜਾਣ ਵਾਲੀ ਆਗਿਆ ਵਿਚ ਕੋਈ ਉਲਝਣ ਪੈ ਜਾਣ ਕਾਰਨ ਇਹ ਲੇਟ ਤੋਂ ਲੇਟ ਹੁੰਦਾ ਗਿਆ। ਅਗੋ ਤੋਂ ਸਾਡਾ ਯਤਨ ਇਹ ਹੀ ਹੈ ਕਿ ਪਰਚਾ ਤੁਹਾਡੇ ਕੋਲ ਪਹਿਲੀ ਤਾਰੀਖ ਤੋਂ ਪੁਜ ਜਾਵੇ।

ਹਥਲਾ ਅੰਕ ਅਸੀਂ ਗੁਰੂ ਅਮਰਦਾਸ ਜੀ ਦੀ ਪੰਜਵੀਂ ਸ਼ਤਾਬਦੀ ਨੂੰ ਸਮਰਪਣ ਕਰਨਾ ਸੀ। ਪਰ ਇਸੇ ਗੇੜ ਵਿਚ ਉਹ ਅਸੀਂ ਨਹੀਂ ਕਢਿਆ। ਕਾਰਨ ਇਹ ਕਿ ਟਿਕਾਓ ਨਾਲ ਠੀਕ ਢੰਗ ਨਾਲ ਇਹ ਅੰਕ ਕਢਿਆ ਜਾਵੇ।

ਵਰਿਆਮ ਨੂੰ ਸਦਾ ਹੀ ਔਕੜਾਂ ਨਾਲ ਦੋ-ਚਾਰ ਹੋਣਾ ਪਿਆ ਏ। ਸਭ ਤੋਂ ਵਡੀ ਔਕੜ ਤਾਂ ਪੈਸਿਆਂ ਦੀ ਅਣਹੋਂਦ ਹੀ ਹੁੰਦੀ ਹੈ। ਬਾਕੀ ਸਿਰੜ ਸਾਡਾ ਸਦਾ ਹਾਜ਼ਰ ਹੈ। ਇਸ ਦੇ ਆਸਰੇ ਪਰਚਾ ਤਾਂ ਚਲਾਈ ਰਖਾਂਗੇ ਪਰ ਜੇ ਲਕਸ਼ਮੀ ਦੇਵੀ ਕਿਤੇ ਦਿਆਲ ਹੋ ਗਈ ਤਾਂ ਚਮਤਕਾਰ ਵੀ ਕੀਤੇ ਜਾ ਸਕਦੇ ਹਨ। ਆਪਣੀ ਮੂਲ ਪਾਲਿਸੀ ਤੇ ਚਲਦਿਆਂ ਹੀ ਅਸਾਂ ਇਸ ਦੀ ਪ੍ਰਤਿਸ਼ਠਾ ਕਾਇਮ ਰਖਣੀ ਹੈ।

ਆਪਣੇ ਮਿੱਤਰਾਂ, ਲੇਖਕਾਂ, ਪਾਠਕਾਂ ਤੇ ਸਨੇਹੀਆਂ ਨੂੰ ਕਹਿਣਾ ਚਾਹੁੰਦੇ ਹਾਂ ਕਿ ਉਹ ਵੀ ਜ਼ਿਆਦਾ ਸਰਗਰਮੀ ਦਿਖਾਉਣ। ਸਭ ਕੁਝ ਸਾਡੇ ਤੇ ਨਾ ਸੁਟਣ। ਸਾਡੇ ਇਕ ਫੋਟੋਗਰਾਫਰ ਮਿੱਤਰ ਨੇ ੧੯੭੮ ਦੇ ਸ਼ੁਰੂ ਵਿਚ ਬੰਬਈ ਸੰਗੀਤ ਸੰਮੇਲਨ ਸਮੇਂ ਖਿਚਵਾਈਆਂ ਖਾਸ ਤਸਵੀਰਾਂ ਨੂੰ ਅਜੇ ਤਕ ਹਵਾ ਨਹੀਂ ਲਵਾਈ। ਇਵੇਂ ਹੀ ਦੂਸਰੇ ਮਿੱਤਰ ਨੇ ਜੰਮੂ ਵਿਚ ਬੜੀਆਂ ਅਹਿਮ ਤਸਵੀਰਾਂ ਖਿਚੀਆਂ ਪਰ ਸਾਲ ਬੀਤਣ ਪਿਛੋਂ ਵੀ ਅਜੇ ਤਕ ਸਾਨੂੰ ਨਿਵਾਜਿਆ ਨਹੀਂ। ਸਾਡੇ ਇਕ ਅਜ਼ੀਜ਼ ਕਲਾਕਾਰ ਸਬੰਧੀ ਬੰਬਈ ਵਿਚ ਫਖਰ ਯੋਗ ਸਮਾਰੋਹ ਹੋਇਆ। ਉਸ ਪਿਛੋਂ ਇਕ ਵਿਸ਼ਾਲ ਪਰੋਗਰਾਮ ਦਾ ਪਰਬੰਧਕ ਵੀ ਉਹ ਬਣਿਆ ਪਰ ਤਸਵੀਰਾਂ ਦੇ ਪ੍ਰਿੰਟਾਂ ਦੇ ਦਰਸ਼ਨਾਂ ਤੋਂ ਬਗੈਰ ਅਜੇ ਤਕ ਕੁਝ ਨਹੀਂ ਹੋਇਆ। ਇਸ ਸਬੰਧ ਵਿਚ ਲਿਖਿਆ ਆਰਟੀਕਲ ਤਸਵੀਰਾਂ ਦੀ ਉਡੀਕ ਕਰ ਰਿਹਾ ਹੈ। ਇਹ-ਕਿੱਸਾ ਬਹੁਤ ਲੰਬਾ ਹੈ ਕਿਸ ਦਾ ਜ਼ਿਕਰ ਕਰੀਏ ਤੇ ਕਿਸ ਨੂੰ ਛਡੀਏ। ਕੇਵਲ ਲਖਨਊ ਦੇ ਸ ਹਰਭਜਨ ਸਿੰਘ ਜੀ ਨੇ ਖੁਲਦਿਲੀ ਵਿਖਾਈ ਤੇ ਲਖਨਊ ਸੰਗੀਤ ਸੰਮੇਲਨ ਦੀਆਂ ਤਸਵੀਰਾਂ ਸਾਡੀ ਵਾਪਸੀ ਸਮੇਂ ਸਾਡੇ ਬੈਗ ਵਿਚ ਸਨ। ਇਹਨਾਂ ਤਸਵੀਰਾਂ ਕਾਰਨ ਜਲੰਧਰ ਦੀ ਰੋਜ਼ਾਨਾ ਪਰੈਸ ਰਾਹੀਂ ਅਤੇ ਵਰਿਆਮ ਰਾਹੀਂ ਵੀ ਲੋਕ ਉਸ ਸਮੇਲਣ ਦਾ ਘਰ ਬੈਠਿਆਂ ਆਨੰਦ ਮਾਣ ਸਕੇ। ਪਰਚੇ ਨੂੰ ਸੁੰਦਰ ਤੇ ਰੋਚਕ ਤੇ ਵਾਕਫੀ ਭਰਪੂਰ ਬਨਾਉਣ ਲਈ ਅਸੀਂ ਬਲਾਕਾਂ ਤੇ ਵੀ ਖਰਚ ਕਰਦੇ ਹਾਂ ਜੋ ਅਸਮਾਨ ਛੂਹੀ ਜਾ ਰਿਹਾ ਹੈ। ਵਾਹ ਲਗਦੀ ਤਸਵੀਰਾਂ ਖਰੀਦਣ ਦਾ ਜਤਨ ਵੀ ਕਰਦੇ ਹਾਂ। ਜੇ ਕੋਈ ਤਸਵੀਰ ਮੁਫਤ ਦੇਵੇ ਤਾਂ ਧਨਵਾਦ ਵੀ ਕਰਦੇ ਹਾਂ ਪਰ ਇਹ ਸਾਡੀ ਸਮਰਥਾ ਤੋਂ ਅਜੇ ਬਾਹਰ ਦੀ ਗੱਲ ਹੈ ਕਿ ਅਸੀਂ ਦੂਰ ਦੂਰ ਕਈ ਕਈ ਵਾਰ ਦੌੜ ਭਜ ਕਰਕੇ ਇਹ ਇਕੱਠੀਆਂ ਕਰੀਏ ਤੇ ਫੇਰ ਸਾਰਾ ਤਰੱਦਦ ਕਰੀਏ। ਸਾਡੇ ਮਿੱਤਰ ਤਾਂ ਇਹ ਵੀ ਉਮੀਦ ਰਖਦੇ ਹਨ ਕਿ ਅਸੀਂ ਚੰਦੇ ਵੀ ਆਪ ਆਣ ਕੇ ਇਕਠੇ ਕਰੀਏ। ਆਸ ਹੈ ਸਾਡੀ ਸਥਿਤੀ ਨੂੰ ਸਮਝਿਆ ਜਾਵੇਗਾ।

ਇਕ ਹੋਰ ਗੱਲ ਵਲ ਵੀ ਧਿਆਨ ਦੁਵਾਉਣਾ ਜ਼ਰੂਰੀ ਸਮਝਦੇ ਹਾਂ। ਸਾਲ ਛੇ ਮਹੀਨੇ ਪਿਛੋਂ ਮਿਲਣ ਤੇ ਕਈ ਪਾਠਕ ਇਤਰਾਜ਼ ਕਰਦੇ ਹਨ ਕਿ ਪਰਚਾ ਪੁਜ ਨਹੀਂ ਰਿਹਾ। ਕ੍ਰਿਪਾ ਕਰਕੇ ਪਰਚਾ ਜੇ ਨਾ ਪੁਜੇ ਤਾਂ ਪਹਿਲਾਂ ਲਿਖਣਾ ਚਾਹੀਦਾ ਹੈ। ਜੇ ਪਰਚਾ ਪੰਦਰਾਂ ਤਾਰੀਖ ਤਕ ਨਾ ਆਵੇ ਤਾਂ ਖਤ ਲਿਖ ਦਿਆ ਕਰੋ ਅਸੀਂ ਦੂਸਰਾ ਪਰਚਾ ਭੇਜਣ ਦਾ ਪਰਬੰਧ ਕਰਾਂਗੇ। ਉਂਞ ਵੀ ਲਿਖਤੀ ਚਿੱਠੀ ਤੇ ਜਲਦੀ ਕਾਰਵਾਈ ਹੁੰਦੀ ਹੈ। ਪਰਚਾ ਨਾ ਪੁਜਣ ਦੇ ਕਈ ਕਾਰਨ ਹੋ ਸਕਦੇ ਹਨ ਜੋ ਜ਼ਰੂਰੀ ਨਹੀਂ ਕਿ ਸਾਡੀ ਵਜਹ ਕਰ ਕੇ ਹੋਣ। ਜੇ ਕਿਸੇ ਦਾ ਐਡਰੈਸ ਗਲਤ ਹੋਵੇ ਜਾਂ ਬਦਲਿਆ ਹੋਵੇ ਤਾਂ ਸਾਨੂੰ ਸੂਚਿਤ ਕਰਨਾ ਚਾਹੀਦਾ ਹੈ।

ਕੁਝ ਤਕਨੀਕੀ ਕਾਰਨਾਂ ਕਰਕੇ ਪਿਛਲੇ ਅੰਕਾਂ ਤੋਂ ਕਵਿਤਾਵਾਂ ਨਹੀਂ ਛੱਪ ਰਹੀਆਂ। ਇਸ ਵਾਰ ਤਸਵੀਰਾਂ ਤੇ ਫੀਚਰ ਛਪਣੋਂ ਵੀ ਰਹਿ ਗਏ ਹਨ। ਪਾਠਕਾਂ ਤੋਂ ਖਿਮਾ ਮੰਗਦੇ ਹੋਏ ਭਰੋਸਾ ਦਵਾਉਂਦੇ ਹਾਂ ਕਿ ਅਗੋ ਤੋਂ ਕਵਿਤਾਵਾਂ ਵੀ ਛਪਣ ਗੀਆਂ ਅਤੇ ਹੋਰ ਰੋਚਕ ਸਮਗਰੀ ਵੀ। ਤੁਹਾਡੇ ਸਹਿਯੋਗ ਦੀ ਲੋੜ ਹੈ।

—ਜਗਦੀਸ਼ ਸਿੰਘ

Sri Satguru Jagjit Singh Ji Elibrary NamdhariElibrary@gmail.com

ਗਊ ਵੰਸ਼ ਦੀ ਹਤਿਆ

ਅਚਾਰੀਆ ਵਿਨੋਬਾ ਭਾਵੇ ਵਲੋਂ ਭਾਰਤ ਵਿਚ ਗਊ ਹਤਿਆ ਮੁਕੰਮਲ ਤੌਰ ਤੇ ਬੰਦ ਕਰਾਉਣ ਦੇ ਮੰਤਵ ਲਈ ਰਖਿਆ ਮਰਨ ਵਰਤ ਸਮਾਪਤ ਹੋ ਗਿਆ ਹੈ। ਇਸ ਨਾਲ ਦੇਸ਼ ਇਕ ਵਡੇ ਸੰਕਟ ਤੋਂ ਬਚ ਗਿਆ ਹੈ। ਦੇਖਿਆ ਗਿਆ ਹੈ ਕਿ ਗਊ ਦਾ ਮਸਲਾ ਪਿਛਲੇ ਸਾਲਾਂ ਤੋਂ ਸਿਆਸੀ ਖੇਡ ਦਾ ਸ਼ਿਕਾਰ ਹੋਇਆ ਪਿਆ ਹੈ। ਆਮ ਤੌਰ ਤੇ ਹਤਿਆ ਦੇ ਵਿਰੋਧ ਵਿਚ ਜਾਂ ਹੱਕ ਵਿਚ ਸੰਘਰਸ਼ ਕਰਨ ਵਾਲਿਆਂ ਨੇ ਮੁਖ ਤੌਰ ਤੇ ਸਿਆਸੀ ਲਾਭਾਂ ਨੂੰ ਹੀ ਸਾਹਮਣੇ ਰਖਿਆ ਹੈ। ਇਹੀ ਕਾਰਨ ਹੈ ਕਿ ਇਹ ਮਸਲਾ ਅਜੇ ਤੱਕ ਲਟਕਿਆ ਹੋਇਆ ਹੈ।

ਸੰਤ ਵਿਨੋਬਾ ਭਾਵੇ ਦੇ ਫਲਸਫੇ ਨਾਲ ਕੋਈ ਸਹਿਮਤ ਹੋਵੇ ਜਾਂ ਨਾ ਪਰ ਇਹ ਗਲ ਤਾਂ ਨਿਰਵਿਵਾਦ ਹੈ ਕਿ ਵਿਨੋਬਾ ਜੀ ਦੀ ਪਹੁੰਚ ਅਹਿੰਸਕ ਹੁੰਦੀ ਹੈ ਅਤੇ ਉਹਨਾਂ ਦਾ ਜੀਵਨ ਤਿਆਗ ਅਤੇ ਕੁਰਬਾਨੀਆਂ ਭਰਿਆ ਹੈ। ਅਤੇ ਬੜੇ ਚਿਰ ਤੋਂ ਉਹ ਦੇਸ਼ ਦੀ ਸਰਗਰਮ ਸਿਆਸਤ ਤੋਂ ਲਾਂਭੇ ਹੋ ਕੇ ਭੂ ਦਾਨ ਮੁਹਿੰਮ ਵਿਚ ਲਗੇ ਹੋਏ ਹਨ। ਇਸ ਤਰ੍ਹਾਂ ਪਦਵੀ ਦੀ ਹਵਸ ਦੀ ਗਲ ਉਹਨਾਂ ਬਾਰੇ ਕਰਨੀ ਵੀ ਯੋਗ ਨਹੀਂ। ਅਨੇਕਾਂ ਧਰਮਾਂ ਅਤੇ ਭਾਸ਼ਾਵਾਂ ਦੇ ਵਿਦਵਾਨ ਵੀ ਉਹ ਹਨ ਜੇ ਅਜਿਹਾ ਸਰਵ ਸਾਂਝੀ ਕਿਸਮ ਦਾ ਬੰਦਾ ਕਿਸੇ ਮਸਲੇ ਤੇ ਮਰਨ ਵਰਤ ਰਖਦਾ ਹੈ ਤਾਂ ਉਸ ਦੀ ਸਾਰਥਕਤਾ ਤੇ ਕਿੰਤੂ ਨਹੀਂ ਕੀਤਾ ਜਾ ਸਕਦਾ।

ਅਨੇਕਾਂ ਧਰਮਾਂ, ਫ਼ਿਰਕਿਆਂ ਤੇ ਭਾਸ਼ਾਵਾਂ ਦੇ ਦੇਸ਼ ਭਾਰਤ ਨੇ ਦੁਨੀਆਂ ਨੂੰ ਸਹਿਹੋਂਦ ਦਾ ਉਪਦੇਸ਼ ਦਿਤਾ ਹੈ। ਇਹ ਅਸੂਲ ਭਾਰਤ ਤਦ ਹੀ ਵਿਆਪਕ ਤੌਰ ਤੇ ਲਾਗੂ ਕਰ ਸਕਦਾ ਹੈ ਜੇ ਆਪਣੇ ਦੇਸ਼ ਵਿਚ ਇਸ ਤੇ ਅਮਲ ਕਰੇ। ਪ੍ਰਸਪਰ ਸਤਿਕਾਰ ਅਤੇ ਬਰਦਾਸ਼ਤ ਦੀ ਭਾਵਨਾ, ਇਸ ਸਹਿਹੋਂਦ ਦੇ ਅਸੂਲ ਦਾ ਧੁਰਾ ਹਨ। ਵੱਖ ਵੱਖ ਧਰਮਾਂ ਜਾਂ ਫ਼ਿਰਕਿਆਂ ਵਲੋਂ [illegible] [illegible] ਦੇ [illegible] ਦੇ ਜਜ਼ਬਾਤਾਂ ਦੀ [illegible] ਵਿਚ [illegible] ਹੁੰਦੀ ਹੈ। ਇਸ ਦੇ ਵਿਪਰੀਤ ਇਕ [illegible] ਦੇ [illegible] ਨੂੰ [illegible] ਵਾਲਾ [illegible] ਦਾ ਕਾਰਨ ਹੀ ਬਣਦੀ ਹੈ।

ਗਊ ਦੇ ਬਾਰੇ ਇਹ ਗਲ [illegible] ਹੈ ਕਿ ਇਹ ਭਾਰਤ ਦੇ ਇਕ ਵਡੇ ਸਮਾਜ ਦੇ ਅਨੁਯਾਈਆਂ ਵਾਸਤੇ ਧਾਰਮਕ ਤੌਰ ਤੇ ਪੂਜਨੀਕ ਹੈ। ਹਿੰਦੂ ਸਮਾਜ ਵਿਚ ਵੀ ਅਨੇਕਾਂ ਫਿਰਕੇ ਹਨ ਅਤੇ ਉਹਨਾਂ ਦੀ ਰਹਿਤ ਮਰਿਆਦਾ ਅਤੇ ਮਾਨਤਾਵਾਂ ਵਿਚ ਵੀ ਪ੍ਰਸਪਰ ਅੰਤਰ ਹੈ ਪਰ ਗਊ ਦੇ ਸਤਿਕਾਰ ਅਤੇ ਇਸ ਦੀ ਰਖਿਆ ਦੇ ਮਸਲੇ ਤੇ ਸਾਰੇ ਇਕ ਥਾਂ ਖੜੇ ਹਨ। ਕਿਰਸਾਣੀ ਪ੍ਰਧਾਨ ਦੇਸ਼ ਵਿਚ ਦੁਧ ਤੋਂ ਲੈ ਕੇ ਹਲ ਚਲਾਉਣ ਅਤੇ ਖੇਤਾਂ ਨੂੰ ਉਪਯੋਗੀ ਖਾਦ ਮੁਹੱਈਆ ਕਰਨ ਵਾਸਤੇ ਗਊ ਵੰਸ਼ ਦੀ ਵਿਸ਼ੇਸ਼ਤਾ ਨੂੰ ਜੇ ਲਾਂਭੇ ਵੀ ਕਰ ਦੇਈਏ ਤਾਂ ਵੀ ਦੇਸ਼ ਦੇ ਅਮਨ ਅਤੇ ਖੁਸ਼ਹਾਲੀ ਦਾ ਤਕਾਜ਼ਾ ਹੈ ਕਿ ਕਰੋੜਾਂ ਲੋਕਾਂ ਦੇ ਸਤਿਕਾਰ ਦੇ ਬਿੰਬ ਪ੍ਰਤੀ ਨਿਰਾਦਰੀ ਵਾਲਾ ਰਵਈਆ ਨਾ ਅਪਣਾਇਆ ਜਾਵੇ।

ਇਹ ਠੀਕ ਹੈ ਕਿ ਕਈਆਂ, ਮਜ਼ਹਬਾਂ ਜਿਨ੍ਹਾਂ ਵਿਚ ਮੁਖ ਤੌਰ ਤੇ ਮੁਸਲਮਾਨ ਅਤੇ ਈਸਾਈ ਮਜ਼ਹਬ ਸ਼ਾਮਲ ਹਨ, ਵਿਚ ਗਊ ਮਾਸ ਖਾਣ ਦਾ ਕੋਈ ਪ੍ਰਹੇਜ਼ ਨਹੀਂ ਪਰ ਇਹ ਵੀ ਤਾਂ ਓਨਾ ਹੀ ਸੱਚ ਹੈ ਕਿ ਜੇ ਉਹ ਗਊ ਮਾਸ ਨਾ ਖਾਣ ਤਾਂ ਉਹਨਾਂ ਦੀ ਮਜ਼ਹਬੀ ਕਟੜਤਾ ਤੇ ਕੋਈ ਆਂਚ ਨਹੀਂ ਆਉਂਦੀ। ਆਖਰਕਾਰ ਪਾਕਿਸਤਾਨ ਵਰਗੇ ਮਜ਼ਹਬੀ ਮੁਲਕ ਨੇ ਵੀ ਜਦੋਂ ਪਸ਼ੂ ਮਾਰਨ ਦੀ ਮਨਾਹੀ ਕੀਤੀ ਰਖੀ ਤਾਂ ਇਸਲਾਮ ਨੂੰ ਕੋਈ ਖਤਰਾ ਨਹੀਂ ਆਇਆ ਤਾਂ ਭਾਰਤ ਵਿਚ ਇਸ ਪਾਬੰਦੀ ਨਾਲ ਕਿਵੇਂ ਪਰਲੋ ਆ ਜਾਵੇਗੀ। ਸਾਡੇ ਅਪਣੇ ਦੇਸ਼ ਵਿਚ ਮੁਸਲਮਾਨ ਬਹੁ ਗਿਣਤੀ ਦਾ ਪ੍ਰਦੇਸ਼ ਜੰਮੂ-ਕਸ਼ਮੀਰ ਹੈ ਉਥੇ ਮਹਾਰਾਜਾ ਦੇ ਵੇਲੇ ਤੋਂ ਗਊ ਹਤਿਆ ਬੰਦ ਹੈ। ਯੂ. ਪੀ. ਬਿਹਾਰ, ਆਂਧਰਾ ਪ੍ਰਦੇਸ਼ ਵਿਚ ਵੀ ਮੁਸਲਮਾਨ ਕਾਫੀ ਗਿਣਤੀ ਵਿਚ ਹਨ ਉਨ੍ਹਾਂ ਦੇ ਵਿਸ਼ੇਸ਼ ਹਕਾਂ ਨੂੰ ਕੋਈ ਨੁਕਸਾਨ ਨਹੀਂ ਪੁਜਦਾ। ਜੇ ਪਛਮੀ ਬੰਗਾਲ ਅਤੇ ਕੇਰਲਾ ਵਿਚ ਪਾਬੰਦੀ ਲਾਉਣ ਨਾਲ ਹੀ [illegible] ਗਿਣਤੀਆਂ ਨਾਲ ਬੇਇਨਸਾਫ਼ੀ ਹੁੰਦੀ ਹੈ। ਜਿਸ ਅਸੂਲ ਨੂੰ ਸਾਰੇ ਪ੍ਰਦੇਸ਼ਾਂ ਨੇ [illegible] ਲਿਆ ਹੈ ਇਹ ਦੋ ਨਵੇਂ [illegible] [illegible] ਤੇ ਉਥੋਂ ਦੀਆਂ ਸਰਕਾਰਾਂ ਦਾ [illegible] ਨਹੀਂ [illegible] [illegible]

[illegible] [illegible] ਇਹ [illegible] ਦੀ [illegible] ਕਿ [illegible] ਗਊ ਹਤਿਆ ਨੂੰ [illegible] [illegible] ਕੇ [illegible] [illegible] ਇਸ ਦੇਸ਼ ਵਿਚ [illegible] ਦਾ [illegible] [illegible] [illegible] [illegible] ਨੇ [illegible] ਹੈ ਕਿ ਹਿੰਦੂ ਮੁਸਲਮਾਨ [illegible] [illegible] [illegible] ਹਨ ਇਸ [illegible] [illegible] ਨਹੀਂ ਆਉਂਦਾ [illegible] [illegible] ਦੀ [illegible] ਬਾਰੇ [illegible] [illegible] ਜਦ [illegible] [illegible] [illegible]

Sri Satguru Jagjit Singh Ji Elibrary NamdhariElibrary@gmail.com

ਲਾਰੰਸ ਨੇ ਗਵਰਨਰ ਜਨਰਲ ਵਲੋਂ ਹੁਕਮਨਾਮਾ ਜਾਰੀ ਕੀਤਾ ਜਿਸ ਵਿਚ ਲਿਖਿਆ ਸੀ ਕਿ The kine are n t to be killed at Amritsar.

ਪਰ ਦੂਜੀ ਸਿਖ ਜੰਗ ਪਿਛੋਂ ਜਦੋਂ ਅੰਗਰੇਜ਼ ਪੂਰੀ ਤਰ੍ਹਾਂ ਪੰਜਾਬ ਤੇ ਕਾਬਜ਼ ਹੋ ਗਏ ਤਾਂ ਗਵਰਨਰ ਜਨਰਲ 20 ਮਈ 1849 ਨੂੰ ਇਹ ਐਲਾਨ ਕੀਤਾ।

"No one should be allowed to interfere with the practice by his neighbour of customs which that neighbour's religion enjoys or permits.

(ਕਿਸੇ ਨੂੰ ਵੀ ਆਪਣੇ ਗਵਾਂਢੀ ਦੇ ਰਸਮ ਰਵਾਜਾਂ ਅਤੇ ਉਹਨਾਂ ਦੇ ਧਾਰਮਕ ਅਕੀਦਿਆਂ ਵਿਚ ਕਿਸੇ ਪ੍ਰਕਾਰ ਦੀ ਦਖਲ ਅੰਦਾਜ਼ੀ ਕਰਨ ਦੀ ਆਗਿਆ ਨਹੀਂ ਜਿਨ੍ਹਾਂ ਬਾਰੇ ਕਿ ਉਸ ਦਾ ਮਜ਼ਬ ਉਸ ਨੂੰ ਖੁਲ ਦਿੰਦਾ ਹੈ।)

ਇਸ ਤਰ੍ਹਾਂ ਜਦੋਂ ਕੋਈ ਗਊ ਹਤਿਆ ਦੀ ਸ਼ਾਹਦੀ ਭਰਦਾ ਹੈ ਤਾਂ ਉਹ ਅੰਗਰੇਜ਼ ਦੀ ਉਸ ਨੀਤੀ ਦੀ ਪ੍ਰੋੜਤਾ ਹੀ ਕਰ ਰਿਹਾ ਹੁੰਦਾ ਹੈ।

ਗਊ ਨਾਲ ਭਾਰਤ ਦੇ ਲੋਕਾਂ ਦੇ ਜਜ਼ਬੇ ਬੜੇ ਪਏ ਹਨ। ਇਹੀ ਕਾਰਨ ਹੈ ਕਿ ਇਹਨਾਂ ਜਜ਼ਬਿਆਂ ਤੋਂ ਸਿਆਸੀ ਲਾਭ ਲੈਣ ਲਈ ਪਹਿਲਾਂ ਕਾਂਗਰਸ ਨੇ ਆਪਣਾ ਚੋਣ ਨਿਸ਼ਾਨ ਦੋ ਬੈਲਾਂ ਦੀ ਜੋੜੀ ਅਤੇ ਫਿਰ ਗਊ ਵਛਾ ਰੱਖ ਰੱਖ ਕੇ ਵੋਟਾਂ ਖਿਚਣ ਦਾ ਜਤਨ ਕੀਤਾ।

ਵਿਨੋਬਾ ਜੀ ਦੇ ਵਰਤ ਤੋਂ ਸਿਆਸੀ ਫਾਇਦਾ ਲੈਣ ਲਈ ਇੰਦਰਾ ਕਾਂਗਰਸ ਨੇ ਵਰਤ ਦੀ ਹਮਾਇਤ ਵਿਚ ਇਕ ਦਿਨ ਦੀ ਭੁਖ ਹੜਤਾਲ ਦਾ ਆਦੇਸ਼ ਦਿਤਾ। ਇਸ ਹਥਿਆਰ ਦੇ ਹੀ ਉਤਰ ਵਿਚ ਜਨਤਾ ਲੀਡਰਾਂ ਨੇ ਗਊ ਹਤਿਆ ਨੂੰ ਕੇਂਦਰੀ ਮਸਲਿਆਂ ਦੀ ਲਿਸਟ ਤੇ ਲਿਆ ਕੇ ਗਊ ਰਖਿਆ ਲਈ ਕੇਂਦਰੀ ਕਾਨੂੰਨ ਬਨਾਉਣ ਦਾ ਰਾਹ ਸਾਫ ਕੀਤਾ ਹੈ। ਅਤੇ ਪਰਧਾਨ ਮੰਤਰੀ ਮੁਰਾਰਜੀ ਡੀਸਾਈ ਨੇ ਪਾਰਲੀਮੈਂਟ ਵਿਚ ਇਸ ਗਲ ਦਾ ਐਲਾਨ ਕੀਤਾ ਹੈ। ਇੰਦਰਾ ਕਾਂਗਰਸ ਇਸ ਮਸਲੇ ਤੇ ਹੁਣ ਆਪਣੇ ਆਪ ਨੂੰ ਪ੍ਰਤੀਬਧ ਨਹੀਂ ਕਰ ਰਹੀ। ਪਰ ਕੀ ਜਿਹੜੇ ਲੋਕ-ਜਜ਼ਬਿਆਂ ਨੂੰ ਮੁਖ ਰੱਖ ਕੇ ਅਲੈਕਸ਼ਨ ਨਿਸ਼ਾਨ ਗਊ ਵੰਸ਼ ਨੂੰ ਚੁਣਿਆ ਗਿਆ, ਵਿਨੋਬਾ ਭਾਵੇ ਦੇ ਮਰਨ ਵਰਤ ਦੀ ਹਮਾਇਤ ਕੀਤੀ ਗਈ। ਕੇਂਦਰੀ ਕਾਨੂੰਨ ਬਨਾਉਣ ਦੇ ਉਪਰਾਲੇ ਕੀਤੇ ਗਏ ਦੇਸ਼ ਦੇ ਬਹੁਤਿਆਂ ਸੂਬਿਆਂ ਵਿਚ ਗਊ ਕਸ਼ੀ ਕਾਨੂੰਨਨ ਬੰਦ ਕੀਤੀ ਗਈ ਕੀ ਉਹਨ ਜਜ਼ਬਿਆਂ ਨੂੰ ਠੇਸ ਪਹੁੰਚਾਣ ਦਾ ਰਿਸਕ ਕੋਈ ਵੀ ਪਾਰਟੀ ਲੈ ਸਕੇਗੀ? ਨਿਰਸੰਦੇਹ ਹੁਣ ਗਊ ਹਤਿਆ ਤੇ ਮੁਕੰਮਲ ਪਾਬੰਦੀ ਤੇ ਕੋਈ ਵੀ ਸ਼ਕਤੀ ਰੋਕ ਨਹੀਂ ਲਾ ਸਕਦੀ। ●

—ਜਗਦੀਸ਼ ਸਿੰਘ

ਕਵਿਤਾ

ਗਊ ਮਾਤਾ

—ਬਾਵਾ ਬਲਵੰਤ

ਮੇਰੀ ਧਰਤੀ ਦੇ ਬਦਨ ਦੀ ਆਤਮਾ ਤੂੰ, ਜਾਨ ਤੂੰ;
ਖੇਤੀਆਂ ਦੇ ਮੋਤੀਆਂ ਦੀ ਚਮਕ, ਸਾਡੀ ਸ਼ਾਨ ਤੂੰ।
ਹੇ ਮੇਰੀ ਦੁਨੀਆ ਦੀ ਮਾਤਾ, ਜਗਤ-ਪਾਲਕ, ਨਮਸਕਾਰ!
ਤੇਰੇ ਪੈਰਾਂ ਤੇ ਮੇਰਾ ਸਿਰ ਝੁਕ ਰਿਹਾ ਏ ਬਾਰ ਬਾਰ।
ਸੱਭਿਤਾ ਦੀ ਸਿਖਰ ਤੇ ਪੂਜਾ ਤੇਰੀ ਦੀਵਾ ਰਿਹਾ;
ਇਸ ਮਹਾਂ-ਆਨੰਦ-ਮਦਰਾ ਤੋਂ ਮੁਲਕ ਖੀਵਾ ਰਿਹਾ।
ਤੂੰ ਹੀ ਸਾਡਾ ਆਸਰਾ ਹੈਂ, ਦੇਸ਼ ਹੈ ਮੇਰਾ ਕਿਸਾਨ,
ਮਿਹਰ ਤੇਰੀ ਨੇ ਜਗਤ ਵਿਚ ਇਸ ਨੂੰ ਕੀਤਾ ਏ ਮਹਾਨ।

ਅਜ਼ਲ ਦੇ ਦਿਨ ਜਦ ਕਿਸੇ ਝੱਲਿਆ ਨਾ ਇਸ ਭਾਰੇ ਦਾ ਭਾਰ,
ਤੇਰੇ ਹੀ ਬੱਚੇ ਦੇ ਸਿੰਗਾਂ ਤੇ ਹੋਈ ਧਰਤੀ ਸਵਾਰ।
ਜੀ ਕੇ ਜੀਵਨ-ਨੂਰ ਦੇ ਦਰਿਆ ਵਗਾ ਜਾਂਦੀ ਏਂ ਤੂੰ;
ਮਰ ਕੇ ਵੀ ਦੁਖ, ਕੰਡਿਆਂ ਕੋਲੋਂ ਬਚਾ ਜਾਂਦੀ ਏਂ ਤੂੰ।
ਤੇਰੇ ਅਹਿਸਾਨਾਂ ਦਾ ਬਦਲਾ ਘਾ ਨਹੀਂ, ਪਾਣੀ ਨਹੀਂ;
ਕਦਰ ਤੇਰੀ ਕਰਨ ਵਾਲਾ ਹੁਣ ਕੋਈ ਪ੍ਰਾਣੀ ਨਹੀਂ!

ਖੇਡ ਆਪਣੀ ਦੇ ਲਈ, ਅੱਜ ਸੈਂਕੜੇ ਚਿੜੀਆਂ ਦੇ ਪਰ
ਸੱਭਿਤਾ-ਦੇਵੀ ਸਮੇਂ ਦੀ ਰੋਜ਼ ਦੇਂਦੀ ਏ ਕਤਰ।
ਕਿਸ ਤਰ੍ਹਾਂ ਸਮਝਣ ਭਲਾ ਇਹ ਦਿਲ ਤੇਰੀ ਆਵਾਜ਼ ਨੂੰ?
ਤੋੜਦੇ ਨੇ ਹਰ ਸਵੇਰੇ ਜੋ ਦਿਲਾਂ ਦੇ ਸਾਜ਼ ਨੂੰ,
ਇਹ ਨਵੀਂ ਤਹਿਜ਼ੀਬ ਹੋ ਸਕਦੀ ਏ ਪਰ ਖੁਸ਼ਹਾਲ ਕੀ?
ਆਉਣਗੇ ਹੁਣ ਜਗਤ-ਬਦਲੀ ਦੇ ਲਈ ਭੂਚਾਲ ਹੀ।
ਹਾਏ! ਅੱਜ ਇਨਸਾਨ ਕਿਉਂ ਦਿਲ ਨੂੰ ਨਰਮ ਕਰਦਾ ਨਹੀਂ?
ਅਸ਼ਰਫੁੱਲ-ਮਖਲੂਕ ਹੋ ਕੇ ਕਿਉਂ ਸ਼ਰਮ ਕਰਦਾ ਨਹੀਂ?

ਲਾਅਨਤ ਹੈ ਉਹ ਤਹਿਜ਼ੀਬ ਜਿਹੜੀ ਆਤਮਾ ਖਾਂਦੀ ਰਹੇ!
ਮੌਤ ਉਹ ਤਾਲੀਮ ਜਿਸ ਤੋਂ ਦਰਦ ਤੱਕ ਜਾਂਦੀ ਰਹੇ!

ਹੇ ਮੁਲਕ, ਤੇਰੀ ਖੁਸ਼ੀ ਦਾ ਅਮਰ ਇਕ ਸੋਮਾ ਹੈ ਇਹ;
ਏਸ਼ੀਆ ਦੇ ਅਰਸ਼ ਦਾ ਇਕ ਚਮਕਦਾ ਤਾਰਾ ਹੈ ਇਹ।
ਇਸ ਦੀ ਸੇਵਾ ਸਾਡੀਆਂ ਫਿਰ ਖੇਤੀਆਂ ਜੰਨਤ ਕਰੇ,
ਪੇਟ ਦੀ ਅਗਨੀ ਬੁਝਾਏ, ਝੁੱਗੀਆਂ ਜੰਨਤ ਕਰੇ;
ਸਾਡੀ ਬੇੜੀ, ਸਾਡਾ ਚੱਪੂ, ਇਹ ਮਲਾਹ ਸਾਡਾ ਰਹੇ;
ਸੱਚ-ਅਹਿੰਸਾ ਰਹੇ, ਮਿਹਨਤ ਖੁਦਾ ਸਾਡਾ ਰਹੇ।
ਗਊਆਂ, ਘੋੜੇ, ਬੈਲ, ਮਹੀਆਂ ਦੇਵਤੇ ਸਾਡੇ ਨੇ ਸਭ,
ਸਭ ਨੂੰ ਮੇਰਾ ਪਿਆਰ ਤੇ ਅਸੀਸ, ਮੇਰਾ ਨਮਸਕਾਰ!
ਸਭ ਦੇ ਪੈਰਾਂ ਤੇ ਮੇਰਾ ਸਿਰ ਝੁਕ ਰਿਹਾ ਏ ਬਾਰ ਬਾਰ!

'ਬੰਦਰਗਾਹ' ਵਿਚੋਂ

Sri Satguru Jagjit Singh Ji Elibrary NamdhariElibrary@gmail.com

ਰਾਵੀ

—ਜਸਵੰਤ ਸਿੰਘ ਵਿਰਦੀ

ਅਪਰੈਲ ਅੰਕ ਵਿਚ ਅਸੀਂ ਵਿਰਦੀ ਦਾ ਲਿਖਿਆ 'ਸਰਸਾ ਨਦੀ' ਬਾਰੇ ਰੇਖਾ ਚਿਤ੍ਰ ਛਾਪਿਆ ਸੀ। ਇਸ ਸਿਲਸਲੇ ਵਿਚ ਇਸ ਵਾਰ ਰਾਵੀ ਦਰਿਆ ਦਾ ਚਿਤ੍ਰ ਪੇਸ਼ ਕਰ ਰਹੇ ਹਾਂ। ਇਵੇਂ ਹਰ ਅੰਕ ਵਿਚ ਅਸੀਂ ਕਿਸੇ ਨਾ ਕਿਸੇ ਨਦੀ ਦਾ ਰੇਖਾ ਚਿਤ੍ਰ ਛਾਪਾਂਗੇ। —ਸੰਪਾਦਕ

ਲੇਖਕ

ਰਾਵੀ ਵੀ ਸਾਡੇ ਦੇਸ਼ ਦਾ ਇਕ ਸ਼ਾਹੀ ਸ਼ਾਨ ਸ਼ੌਕਤ ਵਾਲਾ ਦਰਿਆ ਹੈ!

ਦਰਿਆ ਅਸਲ ਵਿਚ ਹੁੰਦੇ ਹੀ ਸ਼ਾਹੀ ਸ਼ਾਨ ਵਾਲੇ ਨੇ! ਪਰ ਅਸੀਂ ਹੀ ਆਪਣੀ ਕੰਗਾਲੀ ਕਰਕੇ ਉਨ੍ਹਾਂ ਦੀ ਸਹੀ ਕਦਰ-ਕੀਮਤ ਨਹੀਂ ਜਾਣ ਸਕਦੇ। ਸਾਡੀਆਂ ਅੱਖਾਂ ਵਿਚ ਕਦਰ-ਕੀਮਤ ਪਛਾਨਣ ਵਾਲੀ ਜੋਤ ਹੀ ਕਿਥੇ ਰਹੀ ਹੈ! 'ਪਰ ਫੇਰ ਵੀ ਕਦਰ-ਸ਼ਨਾਸ ਲੋਕ ਮਰ ਤਾਂ ਨਹੀਂ ਗਏ!' ਰਾਵੀ ਦੇ ਸ਼ੂਕਦੇ ਪਾਣੀ ਕਹਿੰਦੇ ਨੇ—'ਕਦਰ ਸ਼ਨਾਸ ਲੋਕ ਮਰਦੇ ਹੀ ਕਦੋਂ ਨੇ?'

ਰਾਵੀ ਨੇ ਤਾਂ ਪੰਜਾਬੀ ਜੀਵਨ ਦੀਆਂ ਸਭੋ ਹੀ ਤਹਿਆਂ ਤਕੀਆਂ ਨੇ, ਲੋਕਾਂ ਦੇ ਹਿਰਦਿਆਂ ਦੇ ਨਿਘ ਅਤੇ ਜ਼ਬਾਨ ਦੀ ਮਿੱਠਤ ਨੂੰ ਜਾਣਿਆ ਹੈ। ਰਾਵੀ ਨੂੰ ਵੀ ਇਸ ਗੱਲ ਦਾ ਪੂਰੀ ਤਰ੍ਹਾਂ ਅਹਿਸਾਸ ਹੈ ਕਿ ਪੰਜਾਬੀ ਲੋਕ ਦਿਲ ਦੇ ਜ਼ਰੂਰ ਅਮੀਰ ਹੁੰਦੇ ਨੇ, ਮਰਮਿਟਣ ਵਾਲੇ! ਪਿਆਰ ਨਾਲ ਇਹ ਕਰਨ ਗੁਲਾਮੀ!'

ਸਾਡੇ ਦੇਸ਼ ਦੇ ਤਕਰੀਬਨ ਸਭੋ ਹੀ ਪ੍ਰਮੁਖ ਨਗਰ ਦਰਿਆਵਾਂ ਦੇ ਕਿਨਾਰਿਆਂ ਤੇ ਵਸੇ ਹੋਏ ਨੇ। ਪਰ ਜਿਨ੍ਹਾਂ ਦਰਿਆਵਾਂ ਤੇ ਰਾਜਧਾਨੀਆਂ ਵਸ ਜਾਣ? ਜੇਕਰ ਸਾਡੇ ਦਰਿਆ ਲੋਕਾਂ ਨੂੰ ਪ੍ਰਭਾਵਿਤ ਕਰਦੇ ਨੇ, ਤਾਂ ਲੋਕ ਵੀ ਤਾਂ ਦਰਿਆਵਾਂ ਦੇ ਸੁਭਾ ਤੇ ਅਸਰ ਅੰਦਾਜ਼ ਹੁੰਦੇ ਹੀ ਹੋਣਗੇ। ਤਦੇ ਹੀ ਮੈਂ ਕਹਿੰਦਾ ਹਾਂ ਕਿ ਰਾਵੀ ਦੇ ਪਾਣੀਆਂ ਵਿਚ ਵੀ ਸ਼ਹਿਨਸ਼ਾਹਾਂ ਵਾਲੀ ਅੜਕ-ਮੜਕ ਹੈ। ਰਾਵੀ ਦੇ ਪਾਣੀਆਂ ਦੀ ਇਸ ਅੜਕ ਮੜਕ ਬਾਰੇ ਜਸਵੰਤ ਸਿੰਘ ਰਾਹੀ ਇਕ ਮਹਾਂ ਕਾਵਿ ਲਿਖਣਾ ਚਾਹੁੰਦਾ ਸੀ। ਪਤਾ ਨਹੀਂ ਉਹਨੇ ਪੂਰਾ ਕਰ ਲਿਆ ਹੋਵੇਗਾ ਕਿ ਨਹੀਂ ਹਾਲੇ।

'ਦਰਿਆ ਬਾਰੇ ਮਹਾ ਕਾਵਿ?' ਮੈਂ ਪੁਛਿਆ ਤਾਂ ਰਾਹੀ ਨੇ ਰੋਹ ਨਾਲ ਕਿਹਾ:

'ਕਿਉਂ', ਦਰਿਆ 'ਚ ਜਾਨ ਨਹੀਂ? ਸਭ ਤੋਂ ਵਧ ਇਨਸਾਨੀਅਤ ਤਾਂ ਇਸੇ ਵਿਚ ਹੀ ਕਾਇਮ ਹੈ!'

ਲਾਹੌਰ 'ਚ ਰਹਿੰਦਿਆਂ ਸਾਡੇ ਮਨ ਵਿਚ ਇਹ ਵੀ ਲੋਭ ਹੁੰਦਾ ਸੀ ਕਿ ਰਾਵੀ ਦੇ ਪਾਣੀ ਵਿਚ ਗੋਤੇ ਖਾਇਆ

Sri Satguru Jagjit Singh Ji Elibrary NamdhariElibrary@gmail.com

ਕਰਾਂਗੇ। ਪਰ ਉਦੋਂ ਸਾਡੀ ਉਮਰ ਬਹੁਤ ਹੀ ਛੋਟੀ ਸੀ, ਤੇ ਘਰਦੇ ਸਾਨੂੰ ਇਕਲਿਆਂ ਨੂੰ ਪਾਣੀ ਵਿਚ ਨਹੀਂ ਸਨ ਕੁੱਦਣ ਦਿੰਦੇ। ਹਾਲਾਂਕਿ ਸਾਡੇ ਸਾਹਮਣੇ ਹੀ ਲੋਕ ਕਈ ਵਾਰ ਗੋਤੇ ਖਾਂਦੇ ਹੋਏ ਕਿਤੇ ਦੇ ਕਿਤੇ ਚਲੇ ਜਾਂਦੇ ਸਨ।

ਰਾਵੀ ਦੇ ਪਾਣੀਆਂ ਵਿਚ ਜਿਹੜੀ ਤੇਜ਼ੀ ਹਿਮਾਲਾ ਦੀ ਗੋਦ ਵਿਚੋਂ ਟੁਰਨ ਸਮੇਂ ਭਰ ਗਈ ਸੀ, ਉਸਨੂੰ ਲਾਹੌਰ ਦਾ ਸ਼ਾਹੀ ਦਰਬਾਰ ਵੀ ਨਾ ਰੋਕ ਸਕਿਆ। ਪਾਣੀਆਂ ਦੀ ਤੇਜ਼ ਚਾਲ ਨੂੰ ਰੋਕ ਹੀ ਕੌਣ ਸਕਿਆ ਹੈ ? ਪਰ ਇਸ ਗੱਲ ਦੇ ਬਾਵਜੂਦ ਵੀ ਰਾਵੀ ਵਿਚ ਕੋਈ ਘੁਮੰਡ ਨਹੀਂ, ਹਉਮੈਂ ਨਹੀਂ। ਜੇ ਕਰ ਉਸ ਦੇ ਪਾਣੀਆਂ ਵਿਚ ਘੁਮੰਡ ਜਾਂ ਹਉਮੈਂ ਦਾ ਭਾਵ ਹੁੰਦਾ ਤਾਂ ਉਹ ਹਿਮਾਲਾ ਦੀਆਂ ਚੋਟੀਆਂ ਵਿਚੋਂ ਹੇਠਾਂ ਵਲ, ਪੰਜਾਬ ਦੇ ਮੈਦਾਨਾਂ ਵਿਚ ਨਾ ਵਗਦਾ। ਕੀ ਉਪਰੋਂ ਹੇਠਾਂ ਆਉਣ ਨਾਲ ਬੰਦਾ ਨੀਵਾਂ ਹੋ ਜਾਂਦਾ ਹੈ।

"ਅਸੀਂ ਤਾਂ ਹਾੜ੍ਹ-ਸਿਆਲ, ਹਰ ਮੌਸਮ ਵਿਚ ਦਰਿਆਵਾਂ ਦੇ ਪਾਣੀਆਂ ਦਾ ਮੂੰਹ ਵੇਖਕੇ ਜੀਊਂਦੇ ਹਾਂ। ਕੀ ਪਹਾੜਾਂ ਵਲੋਂ ਧਰਤੀ ਤੇ ਆਉਣ ਨਾਲ ਉਨ੍ਹਾਂ ਦੀ ਸ਼ਾਨ ਘਟ ਗਈ ਹੈ !" ਅਹਿਮਦ ਨਦੀਮ ਕਾਸਿਮੀ ਨੇ ਮੈਨੂੰ ਸੰਵਾਲ ਕੀਤਾ ਸੀ।

'ਜਿਸਨੂੰ ਕੁਦਰਤ ਹੀ ਵਡਿਆਈ ਦੇਵੇ, ਉਸ ਦੀ ਸ਼ਾਨ ਕਿਵੇਂ ਘਟ ਸਕਦੀ ਹੈ ! ਦਰਿਆ ਤਾਂ ਉਂਜ ਵੀ ਸਾਡੇ ਲਈ ਦੇਵੀ-ਦੇਵਤਿਆਂ ਵਾਂਗ ਹੀ ਪੂਜਨੀਕ ਨੇ !'

ਪਰ ਜਦੋਂ ਅਸੀਂ ਬਚਪਨ ਵਿਚ ਉਸ ਦੇ ਕੰਢੇ ਤੇ ਬਹਿਕੇ ਉਹਦੇ ਪਾਣੀ ਨਾਲ ਕਲੋਲ ਕਰਦੇ ਸਾਂ ਤਾਂ ਉਸ ਵੇਲੇ ਸਾਨੂੰ ਉਸ ਦੇ ਵਿਰਾਟ ਰੂਪ ਅਤੇ ਉਸ ਦੀ ਵਡਿਆਈ ਦਾ ਕੁਝ ਵੀ ਅਹਿਸਾਸ ਨਹੀਂ ਸੀ। ਅਜ ਵੀ ਅਸੀਂ ਉਸ ਦੀ ਗਹਿਰਾਈ ਨੂੰ ਕਿਨ੍ਹਾ ਕੁ ਸਮਝ ਸਕੇ ਹਾਂ ?

ਦਿਲ ਦਰਿਆ ਸਮੁੰਦਰੋਂ ਡੂਘੇ
ਕੌਣ ਦਿਲਾਂ ਦੀਆਂ ਜਾਣੇ

ਅਸੀਂ ਦਿਲਾਂ ਨੂੰ ਵੀ ਕਦੋਂ ਸਮਝ ਸਕਾਂਗੇ, ਕਦੋਂ ਪਛਾਣ ਸਕਾਂਗੇ ?...ਪਰ ਜੋ ਕੁਝ ਅਸਾਂ ਬਚਪਨ ਵਿਚ ਜਾਣ ਲਿਆ, ਮਾਸੂਮ ਭਾਵ ਨਾਲ ਸਮਝ ਲਿਆ, ਉਹ ਅਹਿਸਾਸ ਹੁਣ ਕਿਥੇ ਰਿਹਾ ਹੈ !

... ...

ਰਿਗ ਵੇਦ ਵਿਚ ਰਾਵੀ ਦਾ ਨਾਂ ਪਰੂਸ਼ਣੀ ਅਤੇ ਹੋਰ ਪੁਰਾਣਾਂ ਵਿਚ ਐਰਾਵਤੀ ਕਰਕੇ ਆਇਆ ਹੈ।

ਰਾਵੀ ਦਾ ਸੋਮਾ ਕੁਲੂ ਤੋਂ ਉਪਰਲੇ ਪਾਸੇ, ਹਿਮਾਲਾ ਦੇ ਪਰਬਤਾਂ ਵਿਚੋਂ ਰੋਤਾਂਗ ਦੱਰੇ ਨੇੜਿਉਂ ਫੁਟਦਾ ਹੈ। ਇਸ ਦਾ ਸਾਰਾ ਹੀ ਵਹਾ ਪੰਜਾਬ ਦੇ ਹੋਰ ਦਰਿਆਵਾਂ ਵਾਂਗ ਹੀ ਉਤਰ-ਪਛਮ ਵਲ ਨੂੰ ਹੈ। ਇਸ ਦੀ ਧਾਰ ਕਾਂਗੜੇ ਦੇ ਪੂਰਬ-ਉਤਰੋਂ, ਉਤਰ-ਪਛਮ ਵਲ ਨੂੰ ਚਲ ਕੇ ਬੜਾ ਬੰਗਾਹਲ ਦੇ ਪਛਮ ਵਲ ਦੀ ਚੰਬੇ ਦੇ ਜੋਬਨ ਨਾਲ ਮਹਿਕਦੇ ਖੇਤਰ ਵਿਚ ਦਾਖਿਲ ਹੋ ਜਾਂਦੀ ਹੈ। ਪਰ ਚੰਬੇ ਸ਼ਹਿਰ 'ਚ ਦਾਖਿਲ ਹੋਕੇ ਇਹ ਸੁੰਦਰਤਾ ਲਈ ਪਰੇਸ਼ਾਨੀ ਦਾਂ ਕਾਰਣ ਨਹੀਂ ਬਣਦਾ, ਸਗੋਂ ਦਖਣ ਵਲ ਦੀ ਹੁੰਦਾ ਹੋਇਆ ਜੰਮੂ-ਖੇਤਰ ਦੀ ਸੀਮਾ ਦੇ ਨਾਲ ਨਾਲ ਮਾਧੋਪੁਰ ਪੁਜ ਜਾਂਦਾ ਹੈ। ਸਾਡੇ ਜੰਮੂਦੇ ਦੇ ਦੋਸਤਾਂ ਦੇ ਸ਼ਹਿਰ ਕਠੂਏ ਕੋਲਦੀ ਚਲਕੇ ਚਿਤਰਕਾਰੀ ਦੇ ਸ਼ਹਿਰ ਬਸੋਲੀ ਦੀ ਢਾਕ ਨਾਲ ਖਹਿਸਰਦਾ ਹੋਇਆ ਰਾਵੀ ਡੇਰਾ ਬਾਬਾ ਨਾਨਕ ਵਿਚ ਬੈਠੇ ਰਾਹੀ ਨੂੰ ਰੋਹ ਭਰਿਆ ਸੰਗੀਤ ਸੁਣਾਕੇ ਲਾਹੌਰ ਦੀ ਸੀਮਾ ਵਿਚ ਚਲਾ ਜਾਂਦਾ ਹੈ ! ਅਗੇ ਚਲਕੇ, ਲਾਇਲਪੁਰ, ਮੁਲਤਾਨ ਤੇ ਝੰਗ ਦੀਆਂ ਹਦਾਂ ਕਾਇਮ ਕਰਦਾ ਹੋਇਆ ਮੁਲਤਾਨ, ਮੁਜ਼ਫਰਗੜ੍ਹ ਤੇ ਝੰਗ ਦੇ ਤ੍ਰਿੱਹਦੇ ਕੋਲ ਸਰਦਾਰਪੁਰੋਂ ਛੇ-ਸੱਤ ਕਿ. ਮੀ. ਉੱਤਰ-ਪੂਰਬ ਵਲ ਨੂੰ, ਝਨਾਂ ਨਾਲ ਸ਼ਾਮਿਲ ਹੋਕੇ ਨਿਰੰਤਰ ਵਧੇ ਆ ਰਹੇ ਜੇਹਲਮ ਦਰਿਆ ਵਿਚ ਮਿਲ ਜਾਂਦਾ ਹੈ। ਰਾਵੀ ਦੇ ਪਾਣੀਆਂ ਦੀ ਕੁਲ ਲੰਬਾਈ ਚਾਰ ਸੌ ਪੰਜਾਹ ਮੀਲ ਹੈ ਅਤੇ ਸ਼ਾਇਦ ਇਹ ਪੰਜਾਬ ਦੇ ਵੱਡੇ ਦਰਿਆਵਾਂ ਵਿਚੋਂ ਸਭ ਤੋਂ ਛੋਟਾ ਦਰਿਆ ਹੈ !

ਪਹਿਲਾਂ ਰਾਵੀ ਮੁਲਤਾਨ ਸ਼ਹਿਰ ਕੋਲ ਹੀ ਝਨਾਂ ਨਾਲ ਜਾ ਰਲਦਾ ਸੀ, ਪਰ ਹੁਣ ਉਥੇ ਇਸ ਦਾ ਰਾਹ ਵੀਰਾਨ ਪਿਆ ਹੈ ! ਰਾਹਵਾਂ ਨੂੰ ਤਾਂ ਸਰਾਪ ਹੋ ਸਕਦੇ ਨੇ, ਪਰ ਦਰਿਆਵਾਂ ਨੂੰ ਨਹੀਂ।

ਸੱਚ ਹੀ ਤਾਂ ਕਹਿੰਦੇ ਨੇ ਕਿ ਦਰਿਆ ਵੀ ਲੋਕਾਂ ਦੇ

Sri Satguru Jagjit Singh Ji Elibrary NamdhariElibrary@gmail.com

ਰਾਹਵਾਂ ਨੂੰ ਛਡ ਜਾਂਦੇ ਨੇ। ਸ਼ਹਿਰਾਂ ਦੀਆਂ ਰੌਣਕਾਂ 'ਚ ਵਿਘਨ ਨਹੀਂ ਬਣਦੇ !

... ...

ਮੈਂ ਕਈ ਵਾਰ ਸੋਚਦਾ ਹਾਂ ਕਿ ਜੇਕਰ ਰਾਵੀ ਦਰਿਆ ਲਾਹੌਰ ਦੀਆਂ ਦੀਵਾਰਾਂ ਨਾਲ ਖਹਿਸਰ ਕੇ ਨਾ ਲੰਘਦਾ ਤਾਂ ਲਾਹੌਰ ਕੀ ਹੁੰਦਾ ! ਪਰ ਫੇਰ ਖਿਆਲ ਆਉਂਦਾ ਹੈ ਕਿ ਲਾਹੌਰ ਨੇ ਵੀ ਤਾਂ ਰਾਵੀ ਨੂੰ ਸ਼ਾਹੀ ਜਲਵਾ ਪ੍ਰਦਾਨ ਕੀਤਾ ਹੈ ! ਸ਼ਾਹ ਜਹਾਨ ਨੇ ਇਸ ਵਿਚੋਂ ਨਹਿਰ ਕਢ ਕੇ ਸ਼ਾਲਾਮਾਰ ਬਾਗ ਦੇ ਮੋਹ ਭਰੇ ਫਵਾਰਿਆਂ ਨੂੰ ਰਸਭਰਪੂਰ ਬਣਾਇਆ, ਤਾਂ ਮਹਾਰਾਜਾ ਰਣਜੀਤ ਸਿੰਘ ਨੇ ਨਹਿਰ ਦੀ ਰਚਨਾ ਨਾਲ ਇਸ ਦੇ ਪਾਣੀਆਂ ਨੂੰ ਅੰਮ੍ਰਿਤਸਰ ਦੇ ਸਵਰਨ ਮੰਦਿਰ ਦੇ ਸਰੋਵਰ ਵਿਚ ਲੈ ਆਂਦਾ !

ਦਰਿਆਵਾਂ ਦੇ ਪਾਣੀਆਂ ਨੇ ਤਾਂ ਕਿਸੇ ਨਾ ਕਿਸੇ ਪਾਸੇ ਵਲ ਜਾਣਾ ਹੀ ਹੈ। ਪਰ ਜੇਕਰ ਲੋਕ ਉਸ ਨੂੰ ਉਸਾਰੀ ਅਤੇ ਭੋਇੰ ਦੀ ਹਰਿਔਲ ਦੇ ਸੰਘਣੇਪਨ ਲਈ ਇਸਤੇਮਾਲ਼ ਕਰਨ, ਤਾਂ ਦਰਿਆ ਦੇ ਪਾਣੀ ਦਾ ਮਨੁਖ ਵਿਚ ਵਿਸ਼ਵਾਸ ਵਧਦਾ ਹੀ ਹੈ ! ਰਾਵੀ ਦੇ ਪਾਣੀਆਂ ਨੂੰ ਸਮੇਂ ਦੇ ਹਾਕਮਾਂ ਨੇ ਇਸ ਤਰ੍ਹਾਂ ਨਹਿਰਾਂ ਦੇ ਰੂਪ ਵਿਚ ਪੰਜਾਬ ਦੀ ਧਰਤੀ ਤੇ ਫੈਲਾ ਦਿਤਾ ਕਿ ਹਰ ਪਾਸੇ ਹਰਿਔਲ ਹੀ ਹਰਿਔਲ ਨਜ਼ਰ ਆਉਣ ਲਗੀ, ਜਿਸ ਨਾਲ ਪੰਜਾਬੀਆਂ ਦੇ ਚਿਹਰਿਆਂ ਤੇ ਲਾਲੀਆਂ ਚੜ੍ਹ ਗਈਆਂ। ਅਜ ਵੀ ਰਾਵੀ ਦੇ ਪਾਣੀ ਲਾਹੌਰ ਅਤੇ ਅੰਮ੍ਰਿਤਸਰ ਦੇ ਖੇਤਰ ਨੂੰ ਇਕੋ ਸਮੇਂ ਹੀ ਸਰਸਬਜ਼ ਬਣਾ ਰਹੇ ਨੇ। ਕੀ ਇਨ੍ਹਾਂ ਦਰਿਆਵਾਂ ਤੇ ਦੇਸ਼ਾਂ ਦੇ ਹੱਦਾਂ ਬੰਨ੍ਹੇ ਨਹੀਂ ਲਾਗੂ ਹੁੰਦੇ ?

ਕੀ ਅਸੀਂ ਲੋਕ ਦਰਿਆਵਾਂ ਦੇ ਪਾਣੀਆ ਵਾਂਗ ਮੁਕਤ-ਮਨ ਨਾਲ ਸਮੁਚੀ ਧਰਤੀ ਤੇ ਨਹੀਂ ਵਿਚਰ ਸਕਦੇ ? ਪਰ ਦਰਿਆਵਾਂ ਵਰਗਾ ਵਿਰਾਟ ਰੂਪ ਅਤੇ ਬੁਲੰਦ ਹੌਸਲਾ ਕਿਥੋਂ ਲਿਆਵੀਏ ? ਅਸੀਂ ਤਾਂ ਕਈ ਵਾਰ ਆਪਣੇ ਕੱਦਬੁੱਤ ਦੇ ਮੇਚ ਵੀ ਨਹੀਂ ਰਹਿੰਦੇ !

ਮੇਰੇ ਪਿਤਾ ਜੀ ਦਸਿਆ ਕਰਦੇ ਸਨ ਕਿ ਰਾਵੀ ਦਰਿਆ ਦੇ ਕਿਨਾਰੇ, ਗੱਡੀ ਦੇ ਪੁਲ ਥੱਲੇ ਨੂਰਜਹਾਂ ਦਾ ਮਕਬਰਾ ਹਾਲੇ ਤਕ ਵੀ ਇਸ ਗੱਲ ਦੀ ਉਡੀਕ ਵਿਚ ਹੈ ਕਿ ਦੁਨੀਆ ਦੇ ਮਿਹਰਬਾਨ ਲੋਕ ਕਦੀ ਤਾਂ ਉਸ ਦੀ ਸੁੱਧ ਲੈਣਗੇ ਹੀ !

ਨੂਰਜਹਾਂ ਹੁਸਨ, ਇਸ਼ਕ, ਸ਼ਾਇਰੀ ਅਤੇ ਇਲਮ ਦੀ ਦੌਲਤ ਨਾਲ ਮਾਲਾਮਾਲ ਸੀ ਪਰ ਰਾਜਦਰਬਾਰਾਂ ਵਿਚ ਇਹ ਦੌਲਤਾਂ ਸ਼ਹਿਨਸ਼ਾਹਾਂ ਦੇ ਮਰਨ ਨਾਲ ਹੀ ਮਿੱਟੀ ਹੋ ਜਾਂਦੀਆਂ ਨੇ। ਜੇਕਰ ਕਿਸੇ ਨੂੰ ਵਿਸ਼ਵਾਸ ਨਾ ਹੋਵੇ ਤਾਂ ਰਾਵੀ ਦੇ ਕਿਨਾਰੇ ਕੋਲ ਨੂਰ ਜਹਾਂ ਦਾ ਮਕਬਰਾ ਤਕ ਵੇਖੇ ! ਪਤਾ ਨਹੀਂ ਹਾਲੇ ਵੀ ਲਾਹੌਰ ਵਾਲਿਆਂ ਨੇ ਆਪਣੀ ਨੂਰਜਹਾਂ ਲਈ ਕੁਝ ਕੀਤਾ ਹੋਵੇਗਾ ਕਿ ਨਹੀਂ ? ਲਾਹੌਰ ਵਾਲੇ ਉਂਜ ਤਾਂ ਬੜੇ ਬਾ-ਜ਼ੌਕ ਲੋਕ ਨੇ।

ਕਹਿੰਦੇ ਨੇ ਕਿ ਨੂਰ ਜਹਾਂ ਨੇ ਆਪਣੇ ਮਹਿਲ ਦੇ ਬਾਹਰ ਇਕ ਘੰਟੀ ਬੱਧੀ ਹੋਈ ਸੀ, ਜਿਸ ਨੂੰ ਦੇਸ਼ ਦਾ ਹਰੇਕ ਸ਼ਹਿਰੀ, ਹੱਕ-ਇਨਸਾਫ ਦੀ ਪ੍ਰਾਪਤੀ ਲਈ ਜਦੋਂ ਵੀ ਚਾਹੁੰਦਾ, ਸੰਕਟ ਦੀਆਂ ਘੜੀਆਂ ਵੇਲੇ ਖੜਕ ਸਕਦਾ ਸੀ।

ਪਰ ਜ਼ਮਾਨੇ ਨੇ ਨੂਰਜਹਾਂ ਨੂੰ ਇਹ ਮੌਕਾ ਹੀ ਨਹੀਂ ਦਿਤਾ ਕਿ ਉਹ ਹੱਕ-ਇਨਸਾਫ ਦੀ ਪ੍ਰਾਪਤੀ ਲਈ ਪੁਕਾਰ ਸਕੇ ! ਪਰ, ਰਾਵੀ ਦੀਆਂ ਛੱਲਾਂ ਨੇ ਹਾਲੇ ਤਕ ਵੀ ਉਸ ਨੂੰ ਆਪਣੀ ਹਿੱਕ ਨਾਲ ਲਾਇਆ ਹੋਇਆ ਹੈ। ਕੀ ਦਰਿਆ ਦੀ ਹਿੱਕ ਵਿਚ ਏਨੀ ਥਾਂ ਹੁੰਦੀ ਹੈ ਕਿ ਉਹ ਉਦਾਸ ਤੇ ਦੁਖੀ ਦਿਲਾਂ ਨੂੰ ਆਪਣੀ ਹਿੱਕ ਨਾਲ ਲਾਕੇ ਰਖ ਸਕੇ ! ਰਾਵੀ ! ਤੈਥੋਂ ਸੌ ਜਨਮ ਕੁਰਬਾਨ !

ਰਾਵੀ ਦੇ ਪਾਣੀਆਂ ਦੇ ਨਾਲ-ਨਾਲ ਚਲਦਿਆਂ ਮੈਨੂੰ ਸੂਫੀ ਫਕੀਰ ਹਜ਼ਰਤ ਮੀਆਂ ਮੀਰ ਦੀ ਬੜੀ ਯਾਦ ਆਉਂਦੀ ਹੈ। ਮੀਆਂ ਮੀਰ ਗੁਰੂ ਅਰਜਨ ਦੇਵ ਦਾ ਪਰਮ ਮਿਤਰ ਸੀ ਤੇ ਗੁਰੂ ਸਾਹਿਬ ਨੇ ਅੰਮ੍ਰਿਤਸਰ ਦੇ ਸਰੋਵਰ ਦੀ ਨੀਂਹ ਉਸ ਕੋਲੋਂ ਹੀ ਰਖਵਾਈ ਸੀ। ਗੁਰੂ ਸਾਹਿਬ ਨੂੰ ਵਿਦਰੋਹੀ ਕਰਾਰ ਦੇ ਕੇ ਰਾਜ ਵਲੋਂ ਤਸੀਹੇ ਦਿਤੇ ਗਏ ਤਾਂ ਮੀਆਂ ਮੀਰ ਹੀ ਸਭ ਤੋਂ ਵਧ ਦੁਖੀ ਸੀ।

'ਗੁਰੂ ਜੀ ! ਜੇਕਰ ਤੁਸੀਂ ਹੁਕਮ ਕਰੋ ਤਾਂ ਮੈਂ ਲਾਹੌਰ

Sri Satguru Jagjit Singh Ji Elibrary NamdhariElibrary@gmail.com

ਦੀ ਇੱਟ ਨਾਲ ਇੱਟ ਵਜਾ ਦਿਆਂ !'

ਗੁਰੂ ਜੀ ਮੁਸਕਰਾ ਪਏ—'ਲਾਹੌਰ ਦੀ ਇੱਟ ਨਾਲ ਇੱਟ ਕਿਤੇ ਇਕ ਵਾਰ ਵੱਜੀ ਹੈ ! ਪਰ ਫੇਰ ਵੀ ਰਾਜਸ਼ਾਹੀਆਂ ਦੇ ਉਹੋ ਹੀ ਚਾਲੇ...'

ਗੁਰੂ ਅਰਜਨ ਦੇਵ ਨੇ ਰਾਜਸ਼ਾਹੀ ਦੇ ਜਬਰਾਂ ਨੂੰ ਆਪਣੇ ਸਰੀਰ ਤੇ ਝੱਲਿਆ ਤੇ ਫੇਰ ਬਿਨਾ ਕਿਸੇ ਕਿਸਮ ਦਾ ਰੋਹ ਪ੍ਰਗਟ ਕੀਤਿਆਂ, ਉਸ ਜਬਰ ਨੂੰ ਰਾਵੀ ਦੀਆਂ ਸੀਤ ਲਹਿਰਾਂ ਦੇ ਹਵਾਲੇ ਕਰ ਦਿਤਾ, ਤੇ ਖੁਦ ਨੂੰ ਅਕਾਲ ਪੁਰਖ ਦੇ ਹਵਾਲੇ ।

ਪੰਜਾਬ ਵਿਚ ਹੋਣ ਵਾਲੀ ਉਥਲ ਪੁਥਲ ਦਾ ਹਾਲ ਜਿੰਨੇ ਦਰਦੀਲੇ ਢੰਗ ਨਾਲ ਰਾਵੀ ਸਾਨੂੰ ਸੁਣਾ ਰਹੀ ਹੈ, ਹੋਰ ਕੋਈ ਨਹੀਂ ਸੁਣਾ ਸਕਦਾ। ਸਿਕੰਦਰ ਤੋਂ ਲੈ ਕੇ ਫਰੰਗੀਆਂ ਤਕ ਜਿੰਨੇ ਵੀ ਹਮਲਾਵਰ ਸਾਡੇ ਦੇਸ਼ ਵਿਚ ਆਏ ਨੇ, ਉਨ੍ਹਾਂ ਸਭਨਾਂ ਦੀਆਂ ਭਿਆਨਕ ਸ਼ਕਲਾਂ-ਸੂਰਤਾਂ ਅਜ ਵੀ ਰਾਵੀ ਦੇ ਪਾਣੀਆਂ ਵਿਚੋਂ ਪਛਾਣੀਆਂ ਜਾ ਸਕਦੀਆਂ ਨੇ । ਮੁਗਲਾਂ ਬਾਰੇ ਤਾਂ ਲਾਹੌਰ ਦੀਆਂ ਵੀਰਾਨ ਗਲੀਆਂ ਵਿਚ ਬੜਾ ਦਰਦੀਲਾ ਗੀਤ ਗੂੰਜਿਆ ਕਰਦਾ ਸੀ :

'ਮੁਗਲਾਂ ਦਾ ਪਾਣੀ ਨਾ ਪੀਆਂ

ਚੀਰੇ ਵਾਲਿਆ ।

ਰਖਾਂਗੀ ਤੇਰੀ ਲਾਜ ।

ਦੇਸ਼ ਦੀਆਂ ਧੀਆਂ-ਭੈਣਾਂ ਦੇ ਇਸ ਸਿਦਕ ਨੂੰ ਸਲਾਮ ।

ਰਾਵੀ ਦੇ ਪਾਣੀ ਆਪਣੇ ਲੰਮੇ ਸਫਰ ਵਿਚ ਪਹਾੜਾਂ ਦੀ ਉਪਜਾਊ ਮਿੱਟੀ ਹੀ ਨਹੀਂ ਲੈ ਕੇ ਆਉਂਦੇ, ਸਗੋਂ ਚੰਬੇ ਦੇ ਦਿਲਕਸ਼ ਹੁਸਨ ਦੀ ਝਲਕ ਵੀ ਆਪਣੇ ਨਾਲ ਲਿਆਉਂਦੇ ਨੇ । ਇਸ ਕਰਕੇ ਹੀ, ਸ਼ਾਇਦ, ਲਾਹੌਰ ਦੇ ਲੋਕ ਹੁਸਨ ਤੇ ਇਸ਼ਕ ਦੇ ਏਨੇ ਦਿਲਦਾਦਾ ਨਜ਼ਰ ਆਉਂਦੇ ਨੇ । ਲਾਹੌਰ ਦੀ ਖੂਬਸੂਰਤੀ ਤੇ ਰਾਵੀ ਦੇ ਪਾਣੀ ਦਾ ਵੀ ਡਾਂ ਰੰਗ ਚੜ੍ਹਿਆ ਹੋਇਆ ਹੈ !

ਲਾਹੌਰ ਦੀਆਂ ਸਵੇਰਾਂ ਤੇ ਸ਼ਾਮਾਂ ਵਿਚ ਜਿਹੜੀ ਰੌਣਕ ਅਤੇ ਜਲਵਾਗਿਰੀ ਰਚੀ ਹੋਈ ਹੈ, ਕੀ ਉਹ ਰਾਵੀ ਦੇ ਤੇਜ਼ ਚਾਲ ਪਾਣੀਆਂ ਕਰਕੇ ਤਾਂ ਨਹੀਂ ?

ਕਰਤਾਰ ਸਿੰਘ ਦੁਗੱਲ ਨੇ ਠੀਕ ਨਹੀਂ ਸੀ ਕਿਹਾ ਕਿ ਜੇਕਰ ਰਾਜਿੰਦਰ ਸਿੰਘ ਬੇਦੀ ਰਾਵੀ ਦੇ ਪਾਣੀਆਂ ਦੀ ਗਹਿਰਾਈ ਨਾ ਮਹਿਸੂਸ ਕਰਦਾ ਤਾਂ ਉਹ ਜ਼ਿੰਦਗੀ ਦੀ ਗਹਿਰਾਈ ਨੂੰ ਵੀ ਨਾ ਜਾਣ ਸਕਦਾ !

ਮੁਹੰਮਦ ਇਕਬਾਲ ਦਾ ਕੱਦ ਬੁੱਤ ਕੀ ਕਿਸੇ ਵੀ ਗਹਿਰ ਗੰਭੀਰ ਦਰਿਆ ਨਾਲੋਂ ਘਟ ਤੇ ਛੋਟਾ ਹੈ ?

ਮੁਹੰਮਦ ਇਕਬਾਲ ਅਤੇ ਪੂਰਨ ਸਿੰਘ ! ਸਾਡੇ ਵਿਦਵਾਨਾਂ ਨੇ ਇਨ੍ਹਾਂ ਨੂੰ ਪੰਜਾਬ ਦੇ ਛੇਵੇਂ ਦਰਿਆ ਕਿਹਾ ਹੈ ।

ਮੈਂ ਤਾਂ ਸਮਝਦਾ ਹਾਂ ਕਿ ਸੱਚੇ ਸੁਚੇ ਲੇਖਕ ਅਤੇ ਕਲਾਕਾਰ ਜ਼ਿੰਦਗੀ ਦੇ ਖੁਲ੍ਹੇ ਡੁਲ੍ਹੇ ਖੇਤਰਾਂ ਵਿਚ ਦਰਿਆਵਾਂ ਵਾਂਗ ਹੀ ਟੁਰਦੇ ਨੇ, ਨਿਧੜਕ ਅਤੇ ਨਿਰਭਉ ਹੋਕੇ । ਪਰ ਬਿਨਾ ਕਿਸੇ ਪੱਖ ਪਾਤ ਦੀ ਭਾਵਨਾ ਦੇ ।

ਪਰ ਅਸੀਂ ਤਾਂ ਆਪਣੇ ਦਰਿਆਵਾਂ ਨੂੰ ਹੀ ਨਹੀਂ ਜਾਣ ਸਕੇ, ਲੇਖਕਾਂ ਤੇ ਕਲਾਕਾਰਾਂ ਨੂੰ ਕੀ ਪਛਾਣਾਂਗੇ ।

... ...

ਰਾਵੀ ਦੇ ਪਾਣੀਆਂ ਕੋਲ ਖਲੋਕੇ ਕੀਤੇ ਗਏ ਪ੍ਰਣ ਤੋਂ ਕੋਈ ਮੁਕਰ ਨਹੀਂ ਸਕਦਾ । ਕੀ ਉਸ ਵਿਚ ਰਾਵੀ ਦੀ ਸ਼ਕਤੀ ਵੀ ਸ਼ਾਮਿਲ ਹੁੰਦੀ ਹੈ ?

ਕਹਿੰਦੇ ਨੇ ਕਿ 'ਪੂਰਨ ਸੁਤੰਤਰਤਾ' ਦੀ ਸਹੁੰ ਚੁਕਣ ਲਈ ਜਵਾਹਰ ਲਾਲ ਨਹਿਰੂ ਨੂੰ ਵੀ ਰਾਵੀ ਦੇ ਕਿਨਾਰੇ ਤੇ ਖਲੋਕੇ ਪ੍ਰਣ ਕਰਨਾ ਪਿਆ ਸੀ ।

ਰਾਵੀ ਦੇ ਪਾਣੀ ਕੋਲ ਖਲੋਕੇ ਕੀਤਾ ਗਿਆ ਪ੍ਰਣ ! ਸਿਰਾਂ ਦੀ ਬਾਜ਼ੀ । ਕੌਮਾਂ ਦੀ ਜ਼ਿੰਦਗੀ । ਪਰ ਫੇਰ ਆਸ਼ਿਕ ਝਨਾਂ ਵਲ ਕਿਉਂ ਜਾਂਦੇ ਨੇ ?

Sri Satguru Jagjit Singh Ji Elibrary NamdhariElibrary@gmail.com

ਕੀ ਉਨ੍ਹਾਂ ਦੇ ਮਨ ਵਿਚ ਬੰਧਨੁ ਮੁਕਤ ਹੋਣ ਦੀ ਖਾਹਿਸ਼ ਨਹੀਂ ਹੁੰਦੀ ?

ਕੀ ਮੁਕਤੀ ਸਵਰਗ ਵਿਚ ਜਾਕੇ ਹੀ ਮਿਲ ਸਕਦੀ ਹੈ ?

ਆਪਣੀਆਂ ਵਿਸ਼ਵ ਭਰ ਦੀਆਂ ਉਦਾਸੀਆਂ ਉਪਰੰਤ ਗੁਰੂ ਨਾਨਕ ਦੇਵ ਨੇ ਵੀ, ਰਾਵੀ ਦ ਪਾਣੀਆਂ ਕੋਲ 'ਕਰਤਾਰਪੁਰ' ਵਸਾਕੇ ਸੁੱਚੀ ਕਿਰਤ ਕਰਨੀ ਸ਼ੁਰੂ ਕਰ ਦਿਤੀ ਸੀ। ਜਪੁਜੀ ਸਾਹਿਬ ਦੀ ਮਹਾਨ ਤੇ ਦਾਰਸ਼ਨਿਕ ਬਾਣੀ ਦੀ ਰਚਨਾ, ਮੇਰੇ ਖਿਆਲ ਵਿਚ, ਰਾਵੀ ਦੀ ਇਸੇ ਧਰਤੀ ਤੇ ਕੀਤੀ ਹੋਈ ਹੈ।

ਕਾਲੀ ਵੇਈਂ ਦੇ ਪਾਣੀਆਂ ਕੋਲ ਬਹਿਕੇ ਜੇਕਰ ਗੁਰੂ ਜੀ ਨੇ ਆਪਣੇ ਜੀਵਨ ਦੀ ਦਿਸ਼ਾ ਨਿਸਚਿਤ ਕੀਤੀ ਤਾਂ ਰਾਵੀ ਦੇ ਕਿਨਾਰਿਆਂ ਤੇ ਰਹਿੰਦਿਆਂ ਹੋਇਆਂ, ਅੰਤਮ ਵਰ੍ਹਿਆਂ 'ਚ ਕੁਲ ਲੋਕਾਈ ਦੇ ਜੀਵਨ ਦੀ ਦਿਸ਼ਾ ਨਿਸਚਿਤ ਕਰ ਦਿਤੀ ਸੀ :

ਸਚਹੁ ਉਰੇ ਸਭ ਕੋ
ਉਪਰਿ ਸਚਿ ਆਚਾਰੁ !

ਚੰਬੇ ਅਤੇ ਲਾਹੌਰ ਨੇ ਜੇਕਰ ਰਾਵੀ ਨੂੰ ਹੁਸਨ, ਇਸ਼ਕ ਅਤੇ ਸ਼ਾਹੀ ਸ਼ਾਨ ਸ਼ੌਕਤ ਦਾ ਜਲਵਾ ਦਿਤਾ ਹੈ, ਤਾਂ ਗੁਰੂ ਨਾਨਕ ਦੇ ਕਿਰਤੀ ਪ੍ਰਸੀਨੇ ਨੇ ਇਸ ਦੇ ਪਾਣੀਆਂ ਨੂੰ ਦੂਧੀਆ ਰੰਗਤ ਪ੍ਰਦਾਨ ਕੀਤੀ ਹੈ। ਜੇਕਰ ਲਾਹੌਰ 'ਚ ਮਲਿਕ ਭਾਗੋ ਨਿਵਾਸ ਕਰਦੇ ਸਨ ਤਾਂ ਕਰਤਾਰਪੁਰ ਵਿਖੇ ਭਾਈ ਲਾਲੋ ਦੀ ਸੁਚੀ ਕਿਰਤ ਸੀ।

ਕੀ ਕਦੀ ਕਿਰਤੀਆਂ ਤੇ ਭਗਤਾਂ ਦੇ ਖੁਲ੍ਹੇ ਦਰਵਾਜ਼ੇ ਆਮ ਲੋਕਾਂ ਲਈ, ਸਭਨਾਂ ਧਰਮਾਂ ਦੇ ਲੋਕਾਂ ਲਈ ਬੰਦ ਹੋਏ ਨੇ ?

ਬੁਲ੍ਹੇ ਸ਼ਾਹ ਦੀ ਯਾਦ ਸਜਰੀ ਰਖਣ ਲਈ ਜਿਹੜਾ ਰੌਸ਼ਨੀਆਂ ਦਾ ਮੇਲਾ ਲਗਦਾ ਹੈ, ਉਸ ਦੇ ਚਾਨਣ ਨਾਲ ਵੀ ਤਾਂ ਚਮਕਦਾ ਹੈ, ਰਾਵੀ ਦਾ ਪਾਣੀ !

ਦੁਸ਼ਮਣ ਮਰਿਆਂ ਖੁਸ਼ੀ ਨਾ ਕਰੀਏ
ਸਜਨਾਂ ਵੀ ਮਰ ਜਾਣਾ !

ਬੁਲ੍ਹੇ ਸ਼ਾਹ ਦੀ ਜਿੰਨੀ ਲੋੜ ਅਜ ਸਾਨੂੰ ਹੈ, ਸ਼ਾਇਦ ਪਹਿਲਾਂ ਕਦੀ ਨਹੀਂ ਸੀ।

ਰਾਵੀ ਦੇ ਪਾਣੀਆਂ ਨੇ ਉਹ ਦ੍ਰਿਸ਼ ਵੀ ਪੂਰੇ ਮਨ ਨਾਲ ਵੇਖਿਆ ਹੋਵੇਗਾ, ਜਦੋਂ ਕਿ ਇਸ ਧਰਤੀ ਦਾ 'ਮਰਦੇ ਕਾਮਿਲ' ਸਰੀਰ ਦਾ ਚੋਲਾ ਤਿਆਗ ਕੇ ਚਲਾ ਗਿਆ ਸੀ, ਜੋਤੀ ਜੋਤਿ ਸਮਾ ਗਿਆ ਸੀ।

ਉਸ ਵੇਲੇ ਉਹ ਕਿਹੜੀ ਘੜੀ ਸੀ, ਕਿਹਾ ਮੌਕਾ ਸੀ, ਜਦੋਂ ਕਿ ਹਿੰਦੂ ਕਹਿ ਰਹੇ ਸਨ ਕਿ ਉਹ ਆਪਣੇ ਅਵਤਾਰ ਦੇ ਸਰੀਰ ਨੂੰ ਅਗਨੀ ਭੇਟ ਕਰਨਗੇ ਅਤੇ ਮੁਸਲਮਾਨ ਕਹਿ ਰਹੇ ਸਨ ਕਿ ਉਹ ਆਪਣੇ ਪੀਰ ਨੂੰ ਸਪੁਰਦੇ ਖਾਕ ਕਰਨਗੇ।

ਪਰ ਜਦੋਂ ਲੋਕਾਂ ਨੇ ਚਿੱਟੀ ਚਾਦਰ ਚੁਕ ਕੇ ਵੇਖਿਆ ਤਾਂ, ਕਹਿੰਦੇ ਨੇ ਕਿ ਉਥੇ ਜਾਂ ਤੇ ਫੁੱਲ ਸਨ ਅਤੇ ਜਾਂ ਰਾਵੀ ਦਾ ਤੇਜ਼ ਰਫਤਾਰ ਪਾਣੀ !

ਰਾਵੀ ਦੇ ਪਾਣੀਆਂ ਵਿਚੋਂ ਅੱਜ ਵੀ ਮੈਨੂੰ ਉਨ੍ਹਾਂ ਫੁੱਲਾਂ ਦੀ ਮਹਿਕ ਮਹਿਸੂਸ ਹੋ ਰਹੀ ਹੈ। ਕੀ ਉਨ੍ਹਾਂ ਫੁੱਲਾਂ ਤੇ ਕਿਸੇ ਇਕ ਵਿਅਕਤੀ ਦਾ ਅਧਿਕਾਰ ਹੋ ਸਕਦਾ ਹੈ ? ●

140 ਸੁਖਜੀਤ ਨਗਰ
ਕਪੂਰਥਲਾ।

Sri Satguru Jagjit Singh Ji Elibrary NamdhariElibrary@gmail.com



Approved By Department of :

AGRICULTURE PUNJAB GOVERNMENT

High Class Manufacturers of :

- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS



QUALITY MARKED

DEPARTMENT OF AGRICULTURE PUNJAB GOVT. QUALITY MARK

ਕੁਆਲਟੀ ਮਾਰਕਡ



ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਂਨ
ਬਨਾਉਣ ਵਾਲੇ।

TRADE **JASPAL** MARK

Grams : HABI INDUSTRIES **Phone : 2737**

HABI INDUSTRIES (Regd.)

10 Industrial Area
PHAGWARA—144401 (Pb.)

Sri Satguru Jagjit Singh Ji Elibrary NamdhariElibrary@gmail.com

ਮਾਤਾ ਸਦਾ ਕੌਰ

—ਪ੍ਰੀਤਮ ਸਿੰਘ ਕਵੀ

ਕਵੀ ਜੀ ਨੇ ਨਾਮਧਾਰੀ ਇਤਿਹਾਸ ਨਾਲ ਸਬੰਧਤ ਇਸਤਰੀ ਸ਼ਖਸੀਅਤਾਂ ਦੇ ਵਿਅਕਤੀ ਚਿਤ੍ਰ ਲਿਖਣੇ ਆਰੰਭੇ ਹਨ। ਲਿਖੇ ਅਣਲਿਖੇ ਇਤਿਹਾਸ, ਸਾਹਿਤ ਅਤੇ ਬਜ਼ੁਰਗ ਜਾਣਕਾਰਾਂ ਦੀਆਂ ਨਿਜੀ ਯਾਦਾਂ ਨੂੰ ਆਧਾਰ ਬਣਾ ਕੇ, ਆਪਣੀ ਰੌਚਕ ਸ਼ੈਲੀ ਵਿਚ ਇਹਨਾਂ ਤੇ ਸਾਹਿਤਕ ਰੰਗਣ ਚਾੜ੍ਹੀ ਹੈ।

ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਦੇ ਮਾਤਾ ਜੀ, 'ਮਾਤਾ ਸਦਾ ਕੌਰ' ਤੋਂ ਅਸੀਂ ਇਹ ਅਣਛਪੇ ਵਿਅਕਤੀ ਚਿਤ੍ਰ ਪ੍ਰਕਾਸ਼ਤ ਕਰਨ ਦੀ ਖੁਸ਼ੀ ਲੈ ਰਹੇ ਹਾਂ। ਆਸ ਹੈ ਪਾਠਕ ਜ਼ਰੂਰ ਇਸ ਦਾ ਸੁਆਗਤ ਕਰਨਗੇ।

ਇਸੇ ਸਬੰਧ ਵਿਚ ਕਵੀ ਜੀ ਦੀ ਇਕ ਪੁਸਤਕ "ਇਸਤ੍ਰੀਆਂ ਦਾ ਪਹਿਲਾ ਮੁਕਤੀ ਦਾਤਾ" ਨਾਮਧਾਰੀ ਦਰਬਾਰ ਵਲੋਂ ਪ੍ਰਕਾਸ਼ਤ ਹੋ ਕੇ ਪ੍ਰਸੰਸਾ ਪ੍ਰਾਪਤ ਕਰ ਚੁਕੀ ਹੈ।

—ਸੰਪਾਦਕ

ਜਿਉਂ ਹੀ ਇਸਤਰੀਆਂ ਦੀ ਬੰਦ ਖਲਾਸ ਅਤੇ ਉਨ੍ਹਾਂ ਲਈ ਮਨੁਖਾ ਬਰਾਬਰੀ ਦੇ ਸੰਗਰਾਮ ਨੂੰ ਚਿਤਵੀ ਦਾ ਹੈ ਤਿਉਂ ਹੀ ਗੁਰੂ ਰਾਮ ਸਿੰਘ ਯਾਦ ਆਉਂਦੇ ਹਨ ਅਤੇ ਜਦੋਂ ਇਨ੍ਹਾਂ ਦਾ ਧਿਆਨ ਧਰੀ ਦਾ ਹੈ ਤਾਂ ਸੁਭਾਵਕ ਹੀ ਉਹ ਮਾਂ ਚੇਤੇ ਵਿਚ ਉਘੜਦੀ ਹੈ ਜਿਸਨੂੰ ਗੁਰੂ ਰਾਮ ਸਿੰਘ ਜੀ ਦੀ ਜਣਨੀ ਬਣਨ ਦਾ ਗੌਰਵ ਪ੍ਰਾਪਤ ਹੋਇਆ। ਗੁਰਬਾਣੀ ਵਿਚ ਸਾਡੀ ਭਾਵਨਾ ਨੂੰ ਵਿਅਕਤ ਕਰਨ ਵਾਲਾ ਇਹ ਸ਼ਬਦ ਕਿੰਨਾ ਢੁਕਵਾਂ ਹੈ :

ਧਨੁ ਧੰਨੁ ਪਿਤਾ, ਧਨੁ ਧੰਨੁ ਕੁਲ
ਧਨੁ ਧੰਨੁ ਸੁ ਜਨਨੀ ਜਿਨ ਗੁਰੂ ਜਣਿਆ ਮਾਇ।
ਧਨੁ ਧੰਨੁ ਗੁਰੂ ਜਿਨਿ ਨਾਮ ਅਰਾਧਿਆ
ਆਪ ਤਰਿਆ, ਜਿਨੀ ਡਿਠਾ ਤਿਨਾ ਲਏ ਛਡਾਏ।

(ਗਉੜੀ ਕੀ ਵਾਰ ਮ :੪)

ਲੇਖਕ

ਜਾਂ ਇਹ ਸ਼ਬਦ:

ਧੰਨੁ ਸੁ ਵੰਸੁ, ਧੰਨੁ ਸੁ ਪਿਤਾ,
ਧੰਨੁ ਸੁ ਮਾਤਾ ਜਿਨਿ ਜਨ ਜਣੇ।

(ਭੈਰਉ ਮਹਲਾ ੪)

ਉਹ ਮਾਵਾਂ ਸਾਰੇ ਜਗਤ ਲਈ ਸਨਮਾਨਯੋਗ ਹੋ ਜਾਂਦੀਆਂ ਹਨ ਜਿਨਾਂ ਦੇ ਜਣੇ ਵੀਰ-ਬਾਂਕੇ, ਨੀਤੀ-ਨਿਪੁੰਨ, ਅਤੇ ਮਹਾਪੁਰਸ਼ ਇਲਾਕਿਆਂ, ਪ੍ਰਾਂਤਾਂ, ਦੇਸ਼ਾਂ ਅਤੇ ਦੁਨੀਆਂ ਭਰ ਤੇ ਅਸਰ ਅੰਦਾਜ਼ ਹੋ ਜਾਂਦੇ ਹਨ।

ਮਾਤਾ ਸਦਾ ਕੌਰ ਦਾ ਨਾਮ ਅੱਜ ਭਾਵੇਂ ਕੁਝ ਸੰਖੇਪ ਜਿਹੇ ਘੇਰੇ ਵਿਚ ਯਾਦ ਕੀਤਾ ਜਾਂਦਾ ਹੋਵੇ ਪਰ ਸਮਾ ਆਵੇਗਾ ਕਿ ਇਹ ਨਾਮ ਇਤਿਹਾਸ ਵਿਚ ਉਸ ਵਿਅਕਤੀ ਦੀ ਮਾਤਾ ਦੇ ਤੌਰ ਤੇ ਪ੍ਰਸਿਧ ਹੋਵੇਗਾ ਜਿਸਨੇ ਸਭ ਤੋਂ ਪਹਿਲਾਂ ਗਰੀਬ ਤੇ ਗੁਲਾਮ ਜਾਤੀਆਂ ਨੂੰ ਅਹਿੰਸਕ ਨਾਮਿਲਵਰਤਣ ਦਾ ਅਸਤਰ ਦਿਤਾ, ਜਿਸ ਨੇ ਸੰਨ ਸਤਵੰਜਾ ਦੀ ਬਗਾਵਤ ਕੁਚਲੇ ਜਾਣ ਬਾਅਦ ਪਹਿਲੀਵਾਰ, ਅੰਗਰੇਜ਼ਾਂ ਤੋਂ ਸੁਤੰਤਰਤਾ ਹਾਸਲ ਕਰਨ ਕਰਨ ਲਈ ਪਿੰਡਾਂ ਦੇ ਪਿੰਡ ਲਾਮ ਬੰਦ ਕੀਤੇ ਅਤੇ ਜਿਸਦੀਆਂ ਵਿਸ਼ਾਲ ਤੇ ਨਿਰਮਲ ਅੱਖਾਂ ਵਿਚ ਮਹਾਰਾਜਾ ਰਣਜੀਤ ਸਿੰਘ ਵਾਲਾ ਖਾਲਸਾ ਰਾਜ ਮੁੜ ਸਥਾਪਤ ਕਰਨ

Sri Satguru Jagjit Singh Ji Elibrary NamdhariElibrary@gmail.com

ਦੇ ਸੁਪਨੇ ਲਟਕਦੇ ਰਹੇ। ਇਹੋ ਉਹ ਵੀਰ-ਬਾਂਕਾ ਸੀ ਜਿਸ ਨੇ ਔਰਤਾਂ ਦੁਆਲੇ ਵਲੇ ਸਾਰੇ ਪਵਿਤਰ ਭਰਮ-ਜਾਲ ਤਾਰ ਤਾਰ ਕਰਕੇ ਇਸਤਰੀ ਨੂੰ ਆਜ਼ਾਦ, ਬਰਾਬਰ ਤੇ ਸਮਾਜ ਦੇ ਇਕ ਜਿਉਂਦੇ ਅੰਗ ਵਿਚ ਤਬਦੀਲ ਕਰ ਦਿਤਾ। ਇਸ ਨੇ ਹੀ ਸਦਾਚਾਰ ਦੀ ਉਹ ਵਿਜੈ-ਬਟੀ ਪੰਜਾਬੀਆਂ ਨੂੰ ਦਿੱਤੀ ਜਿਸ ਨਾਲ ਹਸ ਹਸ ਕੇ, ਸਵੈ ਇਛਾ ਨਾਲ ਸ਼ਹੀਦੀਆਂ ਪਾਣ ਵਾਲੇ ਹਜ਼ਾਰਾਂ ਦੀ ਤਾਦਾਦ ਵਿਚ ਪੈਦਾ ਹੋਏ।

ਮਾਤਾ ਸਦਾ ਕੌਰ ਨੇ ਦੋ ਪੁੱਤਰ ਜਣੇ ਅਤੇ ਦੋਵੇਂ ਹੀ ਆਪਣੀ ਮਾਂ ਨੂੰ ਉਸ ਕੋਟੀ ਵਿਚ ਲੈ ਗਏ ਜਿਸ ਬਾਰੇ ਸਾਡੇ ਦੇਸ਼ ਦੇਸ਼ ਦੇ ਮਹਾਨ ਚਿੰਤਕ, ਸੰਗਰਾਮੀਏ ਅਤੇ ਭਗਤ ਕਬੀਰ ਜੀ ਨੇ ਆਖਿਆ ਸੀ :

ਜਣਨੀ ਜਣੇ ਤ ਭਗਤ ਜਨ, ਕੈ ਦਾਤਾ, ਕੈ ਸੂਰ
ਨਾਹਿ ਤ ਜਣਨੀ ਬਾਂਝ ਰਹਿ, ਕਾਹੇ ਗਵਾਵੈ ਨੂਰ।

ਪਿੰਡ ਨੰਗਲ ਜ਼ਿਲਾ ਲੁਧਿਆਣਾ ਦੇ ਮਾਤਾ ਖੀਵੀ ਅਤੇ ਪਿਤਾ ਬਹਾਲੇ ਸੋਖੀ ਦੀ ਇਹ ਪੁੱਤਰੀ ਉਨ੍ਹੀਂਵੀਂ ਸਦੀ ਦੇ ਆਰੰਭ ਤੋਂ ਦੋ-ਚਾਰ ਸਾਲ ਪਹਿਲਾਂ ਹੀ ਜਨਮੀ। ਇਸਦਾ ਆਪਣਾ ਸਕਾ ਇਕੋ ਇਕ ਵੀਰ, ਹਰੀ ਸਿੰਘ ਹੀ ਸੀ। ਰਿਵਾਜ ਅਨੁਸਾਰ ਇਹ ਬਾਲਪੁਣੇ ਵਿਚ ਹੀ ਮੰਗੀ ਤੇ ਵਿਆਹੀ ਗਈ। ਇਹਦਾ ਸਹੁਰਾ ਘਰ ਰਾਈਆਂ-ਭੈਣੀ ਅਤੇ ਪਤੀ ਜੱਸਾ ਸਿੰਘ ਮਠਾੜੂ ਗੋਤ ਦਾ ਲੁਹਾਰ ਸੀ। ਅਪਣੀ ਬਾਲ-ਅਵਸਥਾ ਵਿਚ ਹੀ ਸਦਾ ਕੌਰ ਨੇ ਪਿੰਡ ਦੇ ਧਰਮਸਾਲੀਏ ਭਾਈ ਤੋਂ ਗੁਰਮੁਖੀ ਅੱਖਰ ਲਿਖਣੇ-ਪੜ੍ਹਣੇ ਸਿਖ ਲਏ ਅਤੇ ਸਹੁਰੇ ਘਰ ਵਿਚ ਜ਼ਿਮੇਵਾਰੀਆਂ ਨਿਬਾਹੁਣ ਲਈ ਜਾਣ ਤਕ ਜਪੁਜੀ, ਰਹਿਰਾਸ, ਕੀਰਤਨ ਸੋਹਲਾ ਆਦਿ ਬਾਣੀਆਂ ਕੰਠ ਕਰ ਲਈਆਂ।

ਜ਼ਰੂਰ ਮਾਤਾ ਸਦਾ ਕੌਰ ਦੇ ਮਾਂ ਖੀਵੀ ਜੀ ਮਿੱਠੇ ਧੀਰੇ ਸੁਭਾਅ ਦੇ ਹੋਣਗੇ ਤਦੇ ਹੀ ਸਾਨੂੰ ਇਹਨਾਂ ਦੇ ਚਰਿਤੱਰ ਵਿਚ ਅਬੋਲ ਪਿਆਰ ਡੂੰਘਾ ਧੀਰਜ ਅਤੇ ਅਨਥਕ ਸੇਵਕ ਹੋਣ ਦੀ ਝਲਕ ਮਿਲਦੀ ਹੈ।

ਇਹਨਾਂ ਦੇ ਘਰ ੧੩ ਫਰਵਰੀ ੧੮੧੬ ਈ: (ਮਾਘ ਸੁਦੀ ਪੰਚਮੀ, ੧੮੭੨ ਬਿ:) ਨੂੰ ਵੀਰਵਾਰ ਵਾਲੇ ਦਿਨ ਪਹਿਲ ਪਲੇਠੀ ਦਾ ਬਾਲ ਗੁਰੂ ਰਾਮ ਸਿੰਘ ਹੀ ਆਇਆ। ਮਾਂ ਸਦਾ ਕੌਰ ਨੂੰ ਇਸ ਅਦਭੁਤ ਬਾਲ-ਜਨਮ ਨੇ ਡਾਢੇ ਵਿਸਵਿਸੇ ਵਿਚ ਪਾਇਆ ਅਤੇ ਹੁਲਸਾਇਆ ਵੀ ਬੜਾ ਜਦੋਂ ਇਕ ਲੋਥੜੇ ਨੇ ਹੌਲੀ ਹੌਲੀ ਬਾਲ ਰੂਪ ਵਿਚ ਮਾਂ ਦੇ ਪਾਸੇ ਨਾਲ ਲਗ ਪੁੱਤਰ-ਪਿਆਰ ਦੀ ਸੋਝੀ ਕਰਵਾ ਦਿਤੀ। ਪਰ ਜਦ ਤਕ ਬਾਲ ਨੇ ਦੁੱਧੀ ਮੂੰਹ ਨਹੀਂ ਪਾਈ ਤਦ ਤਕ ਮਾਂ ਬੇਚੈਨ ਹੀ ਰਹੀ। ਅਤੇ ਪਹਿਲਾਂ ਜੋ ਵਿਸਵਿਸਾ ਦਾਈ ਨੂੰ ਅਤੇ ਪਿਤਾ ਨੂੰ ਹੋਇਆ। ਉਸ ਦੀ ਨਵਿਰਤੀ ਵੇਖ ਸਭ ਨੂੰ ਸੁਖ ਦਾ ਸਾਹ ਆਇਆ। ਵਧਾਈਆਂ ਦਿਤੀਆਂ ਗਈਆਂ। ਜੱਸਾ ਸਿੰਘ ਹੁਰਾਂ ਨੂੰ ਇਹ ਬਾਲਕਾ ਰਾਮ ਸਰੂਪ ਹੀ ਲਗਾ ਤੇ ਉਹ ਰਾਮ ਨਾਮ ਦੇ ਹੀ ਰਟਣ ਵਾਲੇ ਸਨ ਸੋ ਅੱਠੇ ਪਹਿਰ ਉਸਨੂੰ ਚੇਤੇ ਰਖਣ ਲਈ ਨਾਮ ਵੀ ਰਾਮ ਹੀ ਰੱਖ ਦਿਤਾ।

ਇਸ ਬਾਲਕ ਵਿਚ ਮਾਂ ਨੇ ਮਮਤਾ ਦਾ ਸੰਚਾਰ ਕਰਦਿਆਂ ਇਹਦੇ ਬਸਤਰ ਲੀੜੇ ਅਤੇ ਹੋਰ ਸਫਾਈ ਵਲ ਦੂਜੇ ਲੋਕਾਂ ਨਾਲੋਂ ਵਧੇਰੇ ਧਿਆਨ ਦਿਤਾ। ਕਈ ਵਾਰ ਉਚ ਸ਼ਖਸੀਅਤਾਂ ਦੇ ਵਿਕਾਸ ਵਿਚ ਸਹਿਜ ਭਾਅ ਹੀ ਉਹ ਹਾਲਾਤ ਪੈਦਾ ਹੋ ਜਾਂਦੇ ਹਨ। ਜੋ ਅਗੇ ਚਲ ਕੇ ਬਿਹਤਰ ਜੀਵਨ ਲਈ ਲੜਾਈ ਵਿਚ ਮਦਦਗਾਰ ਹੋ ਜਾਂਦੇ ਹਨ।

ਢਾਈ ਕੁ ਮਹੀਨੇ ਉਪਰੰਤ ਸਦਾ ਕੌਰ ਜੀ ਆਪਣੇ ਅਣੋਖੇ ਬਾਲ ਤੇ ਮਾਂ-ਬਾਪ ਦੀ ਭਾਤ ਪ੍ਰਆਣ ਪੇਕੇ, ਨੰਗਲ ਲੈ ਗਏ। ਧੀਆਂ ਦੇ ਘਰ ਪਲੇਠੀ ਦਾ ਲੜਕਾ ਹੋਣ ਤੇ ਧੇਤਿਆਂ-ਪੁਤੇਤਿਆਂ ਦੁਹਾਂ ਨੂੰ ਵਧੇਰੇ ਖੁਸ਼ੀ ਹੁੰਦੀ ਹੈ—ਅਤੇ ਇਸ ਚਾਅ ਨੂੰ ਸਾਂਝਿਆਂ ਕਰਨ ਲਈ ਧੀਆਂ ਆਪਣੇ ਬੱਚੇ ਨਾਲ ਪੇਕੇ ਜਾਣ ਸਮੇਂ ਖ਼ਾਸ ਮਾਣ ਮਹਿਸੂਸ ਕਰਦੀਆਂ ਹਨ। ਸੁਭਾਵਕ ਸੀ ਨਾਨੀ ਖੀਵੀ ਜੀ ਸਾਰਾ ਦਿਨ ਬਾਲ ਨਾਲ ਗੱਲਾਂ ਕਰਦੇ ਆਪਣਾ ਤੇ ਬਾਲਕ ਦਾ ਜੀ ਲਗਾਈ ਰਖਦੇ। ਵਿਚਾਰ ਇਹੋ ਸੀ ਕਿ ਸਾਲ ਭਰ ਦਾ ਹੋਣ ਤਕ ਲੜਕੇ ਨੂੰ ਨੰਗਲ ਹੀ ਰਖਿਆ ਜਾਵੇ ਪਰ ਜੱਸਾ ਸਿੰਘ ਜੀ ਪਤਨੀ ਤੇ ਪੁਤਰ ਤੋਂ ਬਿਨਾਂ ਮਸਾਂ ਹੀ ਛੇ ਸੱਤ ਮਹੀਨੇ ਕੱਢ ਸਕੇ। ਸੇਪ ਦੇ ਧੰਧੇ ਸਮੇਟ, ਵਗਦੇ ਵਾਰ੍ਹਿਆਂ ਚੋਂ ਚਾਰ ਦਿਨ ਕੱਢ, ਆਪ ਨੰਗਲ ਗਏ। ਸੱਸ ਖੀਵੀ ਜੀ ਨੇ ਜੁਆਈ ਨੂੰ ਬਥੇਰਾ ਆਖਿਆ ਜੁ ਅਜੇ ਬੱਚਾ ਡਿੰਘ ਵੀ ਨਹੀਂ ਭਰਨ ਲਗਾ, ਕਾਹਲਾ ਨ ਪਉ, ਏਥੇ ਹੀ ਰਹਿਣ ਦੇ, ਆਕੇ ਮਿਲ ਗਿਲ ਜਾਇਆ ਕਰ—ਪਰ ਜੱਸਾ ਸਿੰਘ ਜੀ ਤਾਂ ਲੈ ਜਾਣ ਦੇ ਇਰਾਦੇ ਨਾਲ ਹੀ ਆਏ ਹੋਏ ਸਨ। ਤਦ ਵੀ ਉਹ

Sri Satguru Jagjit Singh Ji Elibrary NamdhariElibrary@gmail.com

ਸੱਸ ਦੇ ਪਿਆਰ ਤੇ ਮੋਹ ਸਦਕਾ ਬਾਹਲਾ ਜ਼ੋਰ ਨਹੀਂ ਸਨ ਦੇ ਸਕਦੇ।

ਸੱਸ ਜੁਆਈ ਗੱਲਾਂ ਕਰ ਰ ਸਨ, ਧੀ ਦੁਚਿੱਤੀ ਵਿਚ ਤਿਣਕੇ ਤੋੜ ਰਹੀ ਸੀ। ਅੰਤਰ ਮਨ ਘਰ ਪਰਤ ਜਾਣ ਲਈ ਤਿਆਰ ਸੀ ਪਰ ਮਾਂ ਨੂੰ ਕਿਨ੍ਹਾਂ ਸ਼ਬਦਾਂ ਨਾਲ ਵਿੱਛ ਦੀ ਗੱਲ ਆਖੇ ਤਦੋ ਖਬਰ ਜੁ ਦੂਹਤੇ ਨੇ ਲਾਡ ਨਾਲ ਆਪਣੇ ਪਿਤਾ ਦੀ ਉਂਗਲੀ ਫੜ ਲਈ ਅਤੇ ਆਪਣੇ ਪੈਰਾਂ ਤੇ ਖਲੋ ਗਿਆ। ਪਿਤਾ ਨੇ ਦੋ ਕਦਮ ਪੁਟਾਏ ਅਤੇ ਇਸ ਗੱਲ ਦਾ ਬਹਾਨਾ ਬਣਾ ਕੇ ਕਿ ਹੁਣ ਰਾਮ ਸਿੰਘ ਤੁਰਨ ਤਾਂ ਲਗ ਪਿਆ ਹੈ, ਥੋੜਾ ਹੱਠ ਕਰਕੇ, ਸੱਸ ਨੂੰ ਮਨਾਅ ਪਤਨੀ ਪੁਤਰ ਨੂੰ ਨਾਲ ਹੀ ਲੈ ਆਏ।

ਬਾਬਾ ਸੰਤੋਖ ਸਿੰਘ ਜੀ ਨੇ ਸਤਿਗੁਰ ਬਿਲਾਸ ਵਿਚ ਇੰਜ ਦਸਿਆ ਹੈ।

"ਬਾਬਾ ਜੱਸਾ ਸਿੰਘ ਜੀ ਲੈਣ ਗਏ......ਨਾਨੀ ਨੇ ਕਹਾ ਮੈਂ ਤਾਂ ਤੋਰਾਂਗੀ ਜਾਂ ਕਾਕਾ ਸਿੰਘ ਭਰਨ ਲਗੇ ਗਾ। ਅੰਤਰਜਾਮੀ ਗੁਰੂ ਜੀ ਬਾਬੇ ਜੱਸਾ ਸਿੰਘ ਜੀ ਕਾ ਸੰਕਲਪ ਜਾਣ ਕੇ, ਬਲ ਧਾਰ ਕੇ ਉਠ ਖੜੇ ਹੋਏ। ਪਾਂਚ ਕਦਮ ਆਗੇ ਕੋ ਤੁਰੇ। ਬਾਬਾ ਜੱਸਾ ਸਿੰਘ ਜੀ ਬਚਨ ਕੀਤਾ ਕਿ ਲਓ ਤੁਰਨੇ ਭੀ ਲਗ ਪਏ ਹੈਂ। ਵੇਖ ਕੇ ਸਾਰਾ ਪਰਵਾਰ ਅਸਚਰਜ ਰਹੇ।"

ਢਾਈ ਕੁ ਸਾਲ ਦੇ ਅਰਸੇ ਬਾਅਦ ਸਦਾ ਕੌਰ-ਜੱਸਾ ਸਿੰਘ ਜੀ ਦੇ ਘਰ ਇਕ ਪੁਤਰੀ ਨੇ ਜਨਮ ਲਿਆ ਜਿਸਦਾ ਨਾਮ ਸਾਹਿਬ ਕੌਰ ਰਖਿਆ ਗਿਆ। ਹੁਣ ਮਾਂ ਕੋਲ ਭਾਵੇਂ ਸੰਭਾਲ ਲਈ ਦੋ ਬਾਲ ਹੋ ਗਏ—ਇਕ ਪਿਤਾ ਸਰੂਪ ਦੂਜਾ ਮਾਂ ਸਰੂਪ। ਪਰ ਸਦਾ ਕੌਰ ਜੀ ਨੇ ਦੋਹਾਂ ਵਲ ਇਕ-ਸਾਰ ਤੇ ਇਕੋ ਜਿਹਾ ਧਿਆਨ ਦੇ ਕੇ ਉਸ ਭਾਵਨਾ ਦਾ ਮੁਢ ਬੰਨ੍ਹ ਦਿਤਾ ਜਿਸ ਨੂੰ ਅਗੇ ਜਾਕੇ ਵਿਸ਼ਲਣਾ ਤੇ ਵਿਕਾਸਣਾ ਉਹਨਾਂ ਦੇ ਵਡੇ ਸਪੁਤਰ ਨੇ ਸੀ।

ਧਿਆਨ ਪੂਰਵਕ ਪੁਤਰ, ਪੁਤਰੀ ਅਤੇ ਪਤੀ ਸੇਵਾ ਕਰਦਿਆਂ ਚਾਰ ਪੰਜ ਬਹਾਰਾਂ ਲੰਘ ਗਈਆਂ। ਸਮਾ ਬੀਤ-ਦਿਆਂ ਪਤਾ ਈ ਨਹੀਂ ਸੀ ਲਗਦਾ। ਪਰ ਦੋਹਾਂ ਜੀਆਂ ਨੂੰ 'ਭਰਾਵਾਂ ਦੀ ਜੋੜੀ' ਦੀ ਇੱਛਾ ਬਾਰ ਬਾਰ ਅੰਦਰੋਂ ਉਠਦੀ ਅਤੇ ਏਨੇ ਅਰਸੇ ਵਿਚ ਉਹ ਇਕ ਹੋਰ ਬੱਚੇ ਦਾ ਸੁਆਗਤ ਕਰਨ ਯੋਗ ਹੋ ਗਏ। ਇਹ ਸਨ ਬੁੱਧ ਸਿੰਘ। ਸ੍ਰੀ ਭੈਣੀ ਸਾਹਿਬ ਵਿਚ ੧੮੨੦ ਈ: (ਅੱਸੂ ਦਾ ਤੀਜਾ ਨਰਾਤਾ ਬਿ: ਸੰਮਤ ੧੮੭੬) ਨੂੰ ਇਹਨਾਂ ਦੇ ਜਨਮ ਸਮੇ ਇਕ ਵਾਰ ਨਗਰ ਨੇ ਉਮੜ ਕੇ ਜੱਸਾ ਸਿੰਘ ਜੀ ਅਤੇ ਸਦਾ ਕੌਰ ਨੂੰ ਵਧਾਈਆਂ ਦਿਤੀਆਂ ਅਤੇ ਗੁੜ ਸ਼ਕਰ ਨਾਲ ਝੋਲੀਆਂ ਭਰੀਆਂ।

ਬੁੱਧ ਸਿੰਘ ਜੀ ਬੜੇ ਭਾਗਸ਼ਾਲੀ ਸਮਝੇ ਗਏ ਕਿਉਂਕਿ ਸਦਾ ਕੌਰ ਜੀ ਦੇ ਸੂਤਕੋਂ ਨਿਕਲ ਆਉਣ ਸਮੇਂ ਹੀ (੧੮੨੦ ਈ.) "ਧਰੌੜਾਂ ਥੀਂ ਸਾਹਬੂ ਆਇਆ। ਰਾਮ ਰਾਮ ਕਰੀ। ਮਾਤਾ ਸਦਾ ਕੌਰ ਜੀ ਬੜੇ ਆਦਰ ਨਾਲ ਬਠਾਇਆ। ਪ੍ਰਸਾਦ ਛਕਾਇਆ ਸ੍ਰੀ ਸਤਿਗੁਰੂ ਜੀ ਵਿਹੜੇ ਮੇਂ ਖੇਡਦੇ ਵੇਖਕੇ ਮੋਹਿਆ ਗਿਆ।......ਕਹਿਣੇ ਲਗਾ ਸਾਹਬੂ ਕਿ ਮੈਂ ਤਾਂ ਇਸ ਲੜਕੇ ਨੂੰ ਸਾਕ ਦੇ ਚੁਕਿਆ ਹਾਂ। (ਪਿੰਡ ਆਕੇ) ਰੁਪਯਾ ਸਗਨ ਕਾ ਭੇਜ ਦਿਤਾ। ਰਾਮਦਾਸ ਪੁਰ ਮੇਂ ਮੰਗਨੀ ਕੀ ਰੀਤ ਕੀਤੀ। ਮਾਈ ਸਦਾ ਕੌਰ ਤੇ ਬਾਬਾ ਜੱਸਾ ਸਿੰਘ ਜੀ ਕੋ ਵਧਾਈਆਂ ਮਿਲਨੇ ਲਗੀਆਂ।" [ਸਤਿਗੁਰ ਬਿਲਾਸ]

ਇਹਨਾਂ ਦਿਨਾਂ ਵਿਚ ਹੀ ਸਦਾ ਕੌਰ ਜੀ ਨੇ ਆਪਣੇ ਰਾਮ ਸਿੰਘ ਨੂੰ ਗੁਰਮੁਖੀ ਦੇ ਅੱਖਰ ਵੀ ਸਿਖਾ ਦਿਤੇ ਅਤੇ ਹੌਲੀ ਹੌਲੀ ਬਾਣੀ ਵੀ ਕੰਠ ਕਰਵਾਣੀ ਸ਼ੁਰੂ ਕਰ ਦਿਤੀ।

ਸਿੱਧੇ ਸਾਦੇ ਲੋਕ ਸਨ ਓਦੋਂ। ਬਾਲ ਵਿਆਹ ਇਕ ਰਿਵਾਜ ਹੀ ਸੀ। ਸਾਂਝੇ ਪਰਵਾਰ ਵਿਚ, ਦਸਾਂ ਨਵ੍ਹਾਂ ਦੀ ਕਿਰਤ ਦੁਆਰਾ ਕਮਾਏ ਪੈਸਿਆਂ ਨਾਲ ਠੀਕ ਢੰਗ ਨਾਲ ਲੋੜਾਂ ਪੂਰੀਆਂ ਹੋ ਰਹੀਆਂ ਸਨ। ਸਤ, ਸੰਤੋਖ, ਦਇਆ ਧਰਮ ਸਦਾ ਕੌਰ ਤੇ ਜੱਸਾ ਸਿੰਘ ਜੀ ਦੇ ਪੱਲੇ ਸੀ। ਤਿੰਨਾਂ ਬੱਚਿਆਂ ਨੂੰ ਪਾਲਦਿਆਂ ਪੋਸਦਿਆਂ ਉਹ ਸੇਪ ਦਾ ਕੰਮ ਕੀਤੀ ਕਰਵਾਈ ਜਾ ਰਹੇ ਸਨ।

ਰਾਮ ਸਿੰਘ ਜੀ ਦੇ ਸਤਵੇਂ ਵਰ੍ਹੇ ਵਿਚ ਪੈਰ ਧਰਦਿਆਂ ਹੀ ਧਰੌੜਾਂ ਵਾਲਿਆਂ ਨੇ ਸ਼ਾਦੀ ਲਈ ਜ਼ੋਰ ਪਾ ਦਿਤਾ। ਏਸ ਵਿਚਾਲੇ ਬਾਲਿਕਾ ਸਾਹਿਬ ਕੌਰ ਵੀ ਰਾਇਪੁਰ ਦੇ ਕਾਬਲ ਸਿੰਘ ਨਾਲ ਮੰਗੀ ਗਈ ਤਾਂਕਿ ਉਸਦੇ ਵੀਰ ਦੇ ਵਿਆਹ ਤੋਂ ਪਹਿਲਾਂ ਪਹਿਲਾਂ ਧੀਆਂ ਰੂਪ ਬਗਾਨੇ ਧਨ ਦਾ ਠਿਕਾਣਾ ਬਣ ਜਾਵੇ*।

ਧਰੌੜਾਂ ਵਾਲਿਆਂ ਦੀ ਬਾਰ ਬਾਰ ਕੱਸ ਨਾਲ ਸਦਾ ਕੌਰ ਜੀ ਨੇ ਰਾਮ ਸਿੰਘ ਦੇ ਵਿਆਹ ਦੀ ਤਿਆਰੀ ਕਰ ਦਿਤੀ ਤਾਂ "ਧਰੌੜੀ ਜਾਇ ਬੇਦ ਰੀਤੀ ਸੇ ਵਿਵਾਹ ਕੀਤਾ। ਸਰਬ ਦੇਖ ਕੇ ਮੋਹੇ ਗਏ......ਸਤਿਗੁਰੂ ਜੀ ਕੇ ਮਹਿਲ ਜੱਸਾਂ ਜੀ

*ਮਿਸਤਰੀ ਅਰਜਨ ਸਿੰਘ ਭੈਣੀ ਸਾਹਿਬ ਦੇ ਮੁਤਾਬਕ ਕਾਬਲ ਸਿੰਘ ਜੀ ਗੁਰੂ ਰਾਮ ਸਿੰਘ ਜੀ ਦੇ ਫੁਫੜ ਸਨ।

Sri Satguru Jagjit Singh Ji Elibrary NamdhariElibrary@gmail.com

ਘਰ ਮੇਂ ਆਏ (੧੯੨੩ ਈ:)। ਮਾਤਾ ਸਦਾ ਕੌਰ ਤੇ ਬਾਬਾ ਜੱਸਾ ਸਿੰਘ ਜੀ ਕੋ ਵਧਾਈਆਂ ਮਿਲੀਆ।" [ਸਤਿਗੁਰੂ ਬਿਲਾਸ]।

ਸਦਾ ਕੌਰ ਜੀ ਨੇ ਪੁਤਰ ਦੇ ਵਿਆਹ ਵੇਲੇਂ, ਨੂੰਹ ਘਰ ਆਇਆਂ ਉਹ ਸਾਰੇ ਸ਼ਗਨ ਸਾਰ ਕੀਤੇ ਜੋ ਇਸ ਸਮੇਂ ਪ੍ਰਚਲਤ ਸਨ। ਪਤਲੇ ਜੁਸੇ ਵਾਲੀ, ਸੋਹਣੇ ਗੋਰੇ ਰੰਗ ਦੀ ਨੂੰਹ ਜੋ ਮਸਾਂ ਅਜੇ ਛੇ-ਸੱਤ ਸਾਲ ਦੀ ਸੀ, ਪ੍ਰਾਪਤ ਕਰਕੇ ਸਦਾ ਕੌਰ ਜੀ ਬਾਗ ਬਾਗ ਹੋ ਗਏ।

ਬਾਲੜੀ ਨੂੰਹ ਨੂੰ ਪਿਆਰ ਕਰ-ਕਰਾ ਕੇ ਸਦਾ ਕੌਰ ਜੀ ਨੇ ਪੇਕੀਂ ਤੋਰ ਦਿਤਾ। ਉਹਨਾਂ ਦੀਆ ਮਮਤਾ ਭਰੀਆਂ ਅੱਖੀਆਂ ਵਿਚ ਗੋਰੇ ਸਾਂਵਲੇ ਨੂੰਹ ਪੁਤ ਦੀ ਜੋੜੀ ਕਦੀ ਉਭਰਦੀ ਕਦੇ ਖੁਸ਼ੀਆ ਦੇ ਅਥਰੂਆਂ ਵਿਚ ਹੀ ਲੁਪਤ ਹੋ ਜਾਂਦੀ। ਵਿਚੋਂ ਵਾਰੀਓਂ ਆਪ ਧਰੋੜੀ ਹੋ ਆਉਂਦੇ। ਕਦੇ ਜੱਸਾ ਸਿੰਘ ਜੀ ਕੁੜਮਾਚਾਰੀ ਨੂੰ ਮਿਲਣ ਗਿਲਣ ਚਲ ਜਾਂਦੇ। ਇਧਰ ਰਾਮ ਸਿੰਘ ਜੀ ਹੁਣ ਪਸ਼ੂ ਪਾ ਛਡਦੇ-ਬੰਨ੍ਹਦੇ, ਪਾਣੀ ਡਾਹ ਲਿਆਉਂਦੇ, ਪਿਤਾ ਦੀ ਮਦਦ ਕਰਕੇ ਕਾਰਖਾਨੇ ਵਿਚ ਅਤੇ ਨਾਲ ਹੀ ਨਾਲ, ਆਹਰ ਕਰਕੇ ਸਦਾ ਕੌਰ ਜੀ ਤੋਂ ਪੁਛ ਜਾਂ ਆਪ ਅਖਰ ਗਿਆਨ ਕਾਰਨ ਗੁਰਬਾਣੀ ਕੰਠ ਕਰਦੇ ਰਹਿੰਦੇ।

ਜਦੋਂ ਕੁ ਨੂੰ ਬੁਧ ਸਿੰਘ ਜੀ ਦਾ ਮੰਗਣਾ ਹੋਣਾ ਸੀ ਓਦੋਂ ਤੱਕ ਨੂੰ ਮਾਂ ਸਦਾ ਕੌਰ ਨੇ ਆਪਣੀ ਬਾਲੜੀ ਸਾਹਿਬ ਕੌਰ ਦਾ ਵਿਆਹ ਵੀ ਰਚਾ ਦਿਤਾ। ਮਾਂ ਦੀਆਂ ਸਧਰਾਂ ਤੇ ਚਾਵਾਂ ਨੇ ਸਾਂਤੀ, ਧੀਰਜ ਤੇ ਉਤਸ਼ਾਹ ਨਾਲ ਲੜਕੀ ਦਾ ਕਾਰਜ ਕਰ ਦਿਤਾ ਤੇ ਹੁਣ ਉਹ ਸਮਝਦੀ ਸੀ ਕਿ ਜੇ ਬੁਧ ਸਿੰਘ ਜੀ ਦਾ ਮੰਗਣਾ ਹੋ ਜਾਵੇ ਤਾਂ ਉਹ ਹਰ ਤਰ੍ਹਾਂ ਬੇਫ਼ਿਕਰ ਹੋ ਸਕੇ। ਮੰਗਣੇ ਦਾ ਕਾਰਜ ਕਰਨ ਲਈ ਮਾਦ ਪੁਰੀਏ ਆ ਗਏ (੧੯੨੬ ਈ:)। ਅਤੇ ਸਦਾ ਕੌਰ ਜੀ ਨੇ ਸਹਿਜ ਭਾਅ ਇਸ ਖੁਸ਼ੀ ਨੂੰ ਵੀ ਪਿੰਡ ਦੇ ਲੋਕਾਂ ਨਾਲ ਸਾਂਝਾ ਕੀਤਾ।

ਮਾਤਾ ਸਦਾ ਕੌਰ ਜੀ ਦੇ ਸੁਭਾਅ ਦੀ ਇਹ ਵਿਸ਼ੇਸ਼ਤਾ ਰਹੀ ਹੈ ਕਿ ਉਹ ਨਾ ਤਾਂ ਨਿਰਾਸ਼ਾ ਵਿਚ ਬਾਹਲੇ ਥੱਲੇ ਲਹਿੰਦੇ ਸਨ ਤੇ ਨਾ ਹੀ ਖੁਸ਼ੀਆਂ ਦਾ ਪ੍ਰਗਟਾਵਾ ਉਸ ਵਿਆਕੁਲਤਾ ਨਾਲ ਕਰਦੇ ਜੋ ਬਾਅਦ ਵਿਚ ਉਲਟ ਰੁਖ ਅਖਤਿਆਰ ਕਰ ਸਕਣ। ਕੇਵਲ ਬਾਰਾਂ ਸਾਲਾਂ ਅੰਦਰ ਹੀ ਉਹਨਾਂ ਨੂੰ ਤ੍ਰਿੰਨ ਜਣੇਪਿਅ, ਤਿੰਨ ਮੰਗਣਿਆਂ ਅਤੇ ਤਿੰਨਾਂ ਹੀ ਸ਼ਾਦੀਆਂ ਵਿਚ ਖੁਸ਼ੀਆਂ ਮਣਾਨ ਦਾ ਅਵਸਰ ਮਿਲਿਆ ਪਰ ਜਾਪਦਾ ਹੈ ਲਹੂ ਮਾਸ ਵਿਚ ਘੁਲ-ਘੁਲ ਗਏ ਗੁਰਬਾਣੀ ਦੇ ਪਾਠ ਨੇ, ਜੋ ਉਹ ਨੇਮ ਨਾਲ ਸਵੇਰੇ ਤੇ ਸ਼ਾਮ ਕਰਦੇ, ਉਹਨਾਂ ਨੂੰ ਵਿਚਾਲੇ ਜਿਹੇ ਰਹਿਣ ਦੀ ਸੋਝੀ ਅਤੇ ਆਦਤ ਪਾ ਦਿਤੀ।

ਮੰਗਣੇ ਤੋਂ ਦੋ ਸਾਲਾਂ ਬਾਅਦ ਹੀ ਬੁਧ ਸਿੰਘ ਜੀ ਦੇ ਵਿਆਹ ਦਾ ਸਮਾ ਆ ਗਿਆ—(੧੯੨੮ ਈ:)। ਬਾਬਾ ਸੰਤੋਖ ਸਿੰਘ ਲਿਖਦੇ ਹਨ :"ਸਾਤ ਬਰਸ ਮਹਾਰਾਜ ਬੁਧ ਸਿੰਘ ਮਾਦ ਪੁਰ (ਉਸ ਵੇਲੇ ਰਿਆਸਤ ਪਟਿਆਲਾ ਹੁਣ ਜ਼ਿਲ੍ਹਾ ਲੁਧਿਆਣਾ) ਮੇਂ ਜਾਇ ਵਿਵਾਹ ਕੀਤਾ ਬੇਦ ਰੀਤੀ ਸੇ।... ਮਹਿਲ ਸਾਹਿਬ ਕੌਰ ਆਏ। ਮਾਤਾ ਸਦਾ ਕੌਰ ਤੇ ਬਾਬਾ ਜੱਸਾ ਸਿੰਘ ਜੀ ਕੋ ਵਧਾਈਆਂ ਮਿਲੀਆਂ।"

ਇੱਕ ਧੀ ਤੇ ਦੋਂਹ ਪੁਤਰਾਂ ਦੀ ਮਾਂ ਜ਼ਿੰਦਗੀ ਦੇ ਹਰ ਸੁਖ ਨਾਲ ਭਰਪੂਰ ਸੀ। ਸੁਖਾਵਾਂ ਤੇ ਸਾਊ ਪਤੀ ਸੀ। ਹਲਕੀ ਫੁਲਕੀ ਲੋੜੀਂਦੀ ਸੰਤਾਨ ਸੀ। ਆਪਣਾ ਢਿੱਡ ਫੋਲਣ ਲਈ ਧੀ ਘਰ ਸੀ। ਪਤੀ ਨਾਲ ਕੰਮ ਕਰਕੇ ਹੋਰ ਘਰੋਗੀ ਉਨਤੀ ਲਈ ਦੋ ਬਚੇ ਪਾਸ ਸਨ। ਵਿਆਹਾਂ ਸ਼ਾਦੀਆਂ ਵਲੋਂ ਵੀ ਸਤਿਗੁਰੂ ਦੀ ਕਿਰਪਾ ਹੋ ਗਈ ਸੀ ਘਰ ਦੀ ਕਮਾਈ ਤਾਂ ਸੇਪ ਦੁਆਰਾ ਵੀ ਕਾਫ਼ੀ ਸੀ, ਪਰ ਟਬਰਦਾਰੀ ਵਧ ਜਾਣ ਕਾਰਨ ਜੱਸਾ ਸਿੰਘ ਜੀ ਨੇ ਖੇਤੀ ਦਾ ਵੀ ਕੁਛ ਅਡੰਬਰ ਸਹੇੜ ਲਿਆ। ਸਦਾ ਕੌਰ ਜੀ ਘਰ ਵਿਚ ਲਵੇਰਾ ਸੰਭਾਲਦੇ, ਪਤੀ ਨੂੰ ਵੇਲੇ ਸਿਰ ਲੰਗਰ ਪਾਣੀ ਪੁਚਾਂਉਂਦੇ ਅਤੇ ਬੱਚਿਆਂ ਨਾਲ ਭਰੇ ਸ਼ੋਭਦੇ ਘਰ ਨੂੰ ਸਾਫ਼-ਸੁਥਰਾ ਰਖਦੇ। ਸਾਰਿਆਂ ਪਰਵਾਰ-ਮੈਂਬਰਾਂ ਨੂੰ ਸੁਥਰੇ, ਧੋਤੇ ਕਪੜੇ ਪਹਿਨਾਕੇ 'ਵਧੀਆ ਘਰ' ਦਾ ਆਦਰਸ਼ ਪੇਸ਼ ਕਰਦੇ।

੧੯੩੪ ਈ: ਤੱਕ ਨੂੰਹਾਂ ਦਾ ਮੁਟਿਆਰ ਹੋ ਕੇ ਘਰ ਆਉਣਾ ਸ਼ੁਰੂ ਹੋ ਗਿਆ ਅਤੇ ਨਾਲ ਹੀ ਆਪਣੀ ਧੀ ਵੀ ਪੂਰੀ ਤਰ੍ਹਾਂ 'ਬੇਗਾਨੇ' ਘਰ ਚਲੀ ਗਈ। ਸਾਰਾ ਵਾਧਾ ਦੋ ਨਵੇਂ ਜੀਆਂ ਦਾ ਸੀ ਦੋ 'ਬੇਗਾਨੇ' ਆਪਣੇ ਹੋ ਗਏ ਸਨ ਤੇ ਜ਼ਰੂਰੀ ਸੀ ਸਦਾ ਕੌਰ ਜੀ ਜੱਸਾ ਸਿੰਘ ਜੀ ਨੂੰ ਦੋ ਕੋਠੇ ਹੋਰ ਛੱਤਣ ਦੀ ਸਲਾਹ ਦਿੰਦੇ। ਵਿਹੜਾ ਹੋਰ ਨਿੱਕਾ ਹੋ ਗਿਆ ਪਰ ਮਾਂ ਸਦਾ ਕੌਰ ਦੇ ਹਿਰਦੇ ਦਾ ਆਂਗਣ ਚੌੜਿਓਂ ਚੌੜਾ ਹੋਈ ਜਾਂਦਾ ਸੀ। ਉਹ ਆਪਣੇ ਤਿੰਨਾਂ ਬੱਚਿਆਂ ਨੂੰ ਬਰਾਬਰ ਦੀ ਨਜ਼ਰੇ ਵੇਖਦੀ ਤੇ ਵਰਤਦੀ।

ਕਾਬਲ ਸਿੰਘ ਦਾ ਘਰ ਆਉਣ ਜਾਣ ਹੋ ਗਿਆ ਤਾਂ ਉਸ ਦੀ ਨਿਗਾਹ ਉੱਚ ਉੱਠ ਰਹੇ ਰਾਮ ਸਿੰਘ ਵਲ ਪਈ। ਜੋ ਪਿਤਾ ਵਰਗੇ ਕੱਦ ਕਾਠ ਦਾ ਮਾਂ ਦੇ ਸੰਵਲਾਏ ਰੰਗ ਅਤੇ ਵਿਸ਼ਾਲ ਹਿਰਦ ਵਾਲਾ ਗੱਲਾਂ ਬਾਤਾਂ ਵਿਚ ਹਰ ਕਿਸੇ ਨੂੰ ਮੋਹ ਲੈਂਦਾ ਸੀ, ਜੋ ਨਿੱਤ ਦਾ ਗੁਰਬਾਣੀ ਨੇਮੀ ਹੋਣ ਕਾਰਨ ਆਦਰਸ਼ਵਾਦੀ ਵੀ ਬਣਦਾ ਚਲਾ ਜਾ ਰਿਹਾ ਸੀ। ਮਾਂ ਸਦਾ ਕੌਰ ਜੀ ਨੂੰ ਅਪਣਿਆਂ ਬੱਚਿਆਂ ਵਿਚ ਮਾਂ ਬਾਪ ਦਾ ਵਧੀਆ ਸੁਮੇਲ ਜਾਪਦਾ ਸੀ। ਇਕ ਜਣਾ ਜੇ ਸੁਤੰਤਰ ਬਿਰਤੀ ਦਾ ਮਾਲਕ ਤੇ ਮਨ-ਆਈ ਕਰਨ ਵਾਲਾ ਸੀ ਤਾਂ ਦੂਜਾ ਚੁਪ ਕੀਤਾ, ਆਗਿਆ ਪਾਲਕ ਤੇ ਮਿਲਾਪੜਾ ਸੀ। ਸੁਭਾਵਾਂ ਦੇ ਅੰਤਰ ਦੇ ਨਾਲ ਨਾਲ ਹੀ ਸੂਝ ਦੋਹਾਂ ਦੀ ਬਰਾਬਰ ਸ਼ੀ। ਪਰ ਕਾਬਲ ਸਿੰਘ ਦੀ ਅੱਖ ਤਾਂ ਰਾਮ ਸਿੰਘ ਤੇ ਹੀ ਸੀ।

(ਚਲਦਾ)

Sri Satguru Jagjit Singh Ji Elibrary NamdhariElibrary@gmail.com

ਕਹਾਣੀ

ਸਮਾਂਤਰ ਰੇਖਾਵਾਂ

—ਜਸਵੰਤ ਸਿੰਘ ਵਿਰਦੀ

ਮੈਨੂੰ ਅਚਾਨਕ ਹੀ ਬੜਾ ਗੁਸਾ ਆ ਗਿਆ......ਅਤੇ ਮੈਂ......ਕੀ ਦਸਾਂ।

ਗੱਲ ਏਨੀ ਹੀ ਸੀ ਕਿ ਉਹਨੇ ਕੇਵਲ ਇਹੋ ਹੀ ਕਿਹਾ ਸੀ, 'ਸੁਣਾਉ ! ਅੱਜ ਕਲ ਦਿਮਾਗ ਤਾਂ ਠੀਕ ਐ ?' ਅਤੇ ਉਹ ਮੁਸਕਰਾਇਆ ਵੀ ਸੀ। ਪਰ ਮੈਂ ਉਹਦੀ ਮੁਸਕਾਣ ਵਿਚ ਲੁਕੇ ਹੋਏ ਖਲੂਸ ਦੇ ਭਾਵ ਨੂੰ ਸਮਝਣ ਦੀ ਥਾਂ ਉਹਦੇ ਜਬਾੜੇ ਤੇ ਇਕ ਮੁਕਾ ਜੜ ਦਿਤਾ ਸੀ।

'ਕਮੀਨਾ !' ਮੈਂ ਕਹਿਣਾ ਚਾਹੁੰਦਾ ਸਾਂ ਪਰ ਏਨ ਤੈਸ਼ ਵਿਚ ਸਾਂ ਕਿ......

ਉਹ ਤਾਂ ਕੇਵਲ ਜੇਬਾਂ ਵਿਚ ਹੱਥ ਪਾਕੇ ਖਲੋਤਾ ਹੋਇਆ ਸੀ। ਉਸਨੂੰ ਸ਼ਾਇਦ ਮੇਰੇ ਕੋਲੋਂ ਇਸ ਹਰਕਤ ਦੀ ਉਮੀਦ ਨਹੀਂ ਸੀ। (ਕੀ ਮੈਂ ਹੀਨ ਭਾਵਨਾ ਵਸ ਇਸ ਤਰ੍ਹਾਂ ਦਾ ਅਮਲ ਕੀਤਾ ਸੀ ?) ਮੌਸਮ ਵਿਚ ਕਿਸੇ ਤਰ੍ਹਾਂ ਨਾਲ ਵੀ ਤਲਖੀ ਵਾਲਾ ਪ੍ਰਭਾਵ ਨਹੀਂ ਸੀ, ਪਰ ਮੈਨੂੰ ਇਹ ਕੀ ਹੋ ਗਿਆ ਸੀ ?

ਮੁੱਕਾ ਖਾਕੇ ਉਹ ਪਲਾਂ 'ਚ ਹੀ ਮੁਖ ਮੋੜਕੇ ਅਲੋਪ ਹੋ ਗਿਆ ਜਿਵੇਂ ਹੁਣ ਉਹ ਮੇਰੇ ਨਾਲ ਅੱਖ ਹੀ ਨਾ ਮਿਲਾ ਸਕਦਾ ਹੋਵੇ। ਉਹਨੇ ਮੈਨੂੰ ਕੁਝ ਨਹੀਂ ਕਿਹਾ। ਪਰ ਮੈਂ ਸਾਰਾ ਸਮਾਂ ਪਰੇਸ਼ਾਨ ਰਿਹਾ। ਉਸ ਵੇਲੇ ਮੈਨੂੰ ਉਹਦਾ ਕੱਦ ਬੁਤ ਬਹੁਤ ਉਚਾ ਅਤੇ ਆਪਣਾ ਬਹੁਤ ਹੀ ਛੋਟਾ ਮਹਿਸੂਸ ਹੋਇਆ ਸੀ। ......ਪਰ ਸ਼ਾਇਦ ਇਹ ਮੇਰਾ ਭੁਲੇਖਾ ਹੀ ਹੋਵੇ।

'ਆਖਰ ਮੁਕੇ ਵਾਲੀ ਕਿਹੜੀ ਗੱਲ ਸੀ ?' ਮੈਂ ਸੋਚ ਰਿਹਾ ਸਾਂ : ਗੱਲ ਦਾ ਜਵਾਬ ਗੱਲ ਨਾਲ ਵੀ ਤਾਂ ਦਿਤਾ ਜਾ ਸਕਦਾ ਸੀ ...। ਇਹਦਾ ਮਤਲਬ ਹੈ ਕਿ ਮੇਰਾ ਦਿਮਾਗ...?

ਮੈਂ ਸਚ ਦਸਾਂ। ਪਿਛਲੇ ਕੁਝ ਦਿਨਾਂ ਤੋਂ ਮੇਰੀ ਗਰਦਨ ਆਕੜੀ ਹੋਈ ਸੀ, ਤੇ ਮੇਰੇ ਕੋਲੋਂ ਕੁਝ ਵੀ ਕਰਨਾ ਬੜਾ ਔਖਾ ਹੋ ਰਿਹਾ ਸੀ। ਗਰਦਨ ਆਕੜ ਜਾਵੇ ਤਾਂ ਕੀ ਬੰਦਾ ਕੋਈ ਕੰਮ ਨਹੀਂ ਕਰ ਸਕਦਾ ?

ਮੈਂ ਏਧਰ-ਉਧਰ ਨਹੀਂ ਵੇਖ ਸਕਦਾ। ਬਿਲਕੁਲ ਉਤਾਂਹ ਵਲ ਨਜ਼ਰ ਰਖਣੀ ਪੈਂਦੀ ਹੈ। ਇਸੇ ਕਰਕੇ ਹੀ ਬਹੁਤ ਕੁਝ ਹੁਣ ਮੈਨੂੰ ਨਜ਼ਰ ਹੀ ਨਹੀਂ ਆਉਂਦਾ। ਜੀ ਕਰਦਾ ਹੈ ਕਿ ਸਾਰੀ ਦੁਨੀਆ ਨੂੰ ਹੀ ਨਪੀੜ ਸੁਟਾਂ। (ਇਹ ਕੀ ਭਾਵਨਾ ਹੈ ?)......ਦੁਨੀਆਂ ਦੀ ਹਕੀਕਤ ਇਕ ਗਲੋਬ ਤੋਂ ਵਧ ਕੁਝ ਵੀ ਨਜ਼ਰ ਨਹੀਂ ਆਉਂਦੀ।

ਸਾਡੇ ਸੰਬੰਧ ਠੀਕ-ਠਾਕ ਹੀ ਸਨ, ਬਲਕਿ ਬਹੁਤ ਹੀ ਠੀਕ। ਹਾਂ, ਕਈ ਵਾਰ ਉਹ ਮੈਨੂੰ ਕਹਿ ਚੁਕਾ ਸੀ ਕਿ ਹੁਣ ਬੰਦਾ ਟੈਂਸ਼ਨ (ਤਨਾਉ) ਵਿਚ ਤਾਂ ਰਹਿੰਦਾ ਹੈ ਪਰ ਮਨੁਖੀ ਸੰਬੰਧਾ ਦਾ ਇਹੋ ਹੀ ਤਕਾਜ਼ਾ ਹੈ ਕਿ ਇਹ ਦੂਸਰੇ ਨੂੰ ਸਮਝਣ ਦਾ ਜਤਨ ਕੀਤਾ ਜਾਵੇ, ਨਾ ਕਿ ਤਲਕ ਹੋਕੇ ਅਗਲੇ ਦੇ ਛੁਰਾ ਹੀ ਮਾਰ ਦਿਤਾ ਜਾਵੇ।

'ਇਹ ਬੁਜ਼ਦਿਲੀ ਹੈ।' ਮੈਂ ਕਈ ਵਾਰ ਸੋਚਿਆ ਸੀ। ਅਸਲ 'ਚ ਜਿਸ ਜਾਗੀਰਦਾਰੀ ਮਾਹੌਲ ਵਿਚੋਂ ਮੈਂ ਆਇਆ ਸਾਂ, ਉਥੇ ਤਾਂ ਪਲਾਂ ਵਿਚ ਹੀ ਫੈਸਲਾ ਹੋ ਜਾਂਦਾ ਸੀ—ਪਲ ਭਰ 'ਚ ਹੀ ਚੁਨੌਤੀ ਦੇ ਦਿਤੀ ਜਾਂਦੀ ਸੀ—'ਜਾਂ ਮੈਂ ਨਹੀਂ ਤੇ ਜਾਂ ਤੂੰ ਨਹੀ।'

ਮੈਨੂੰ ਮਹਿਸੂਸ ਹੋ ਰਿਹਾ ਸੀ ਜਿਵੇਂ ਹਾਲੇ ਵੀ ਉਹ ਮੇਰੇ ਸਾਹਮਣੇ ਖਲੋਤਾ ਹੋਇਆ ਕਹਿ ਰਿਹਾ ਹੋਵੇ. ਹੁਣ ਹਰ ਬੰਦਾ ਆਪਣੇ ਆਪ ਇਕ ਦੁਨੀਆ ਹੈ। ਪਰ ਦੁਆਲੇ ਦੀਆਂ ਕੰਧਾਂ ਢਾਅਕੇ ਇਸ ਦੁਨੀਆਂ ਨੂੰ ਅਧੀਨ ਨਹੀਂ ਕੀਤਾ ਜਾ ਸਕਦਾ। 'ਬਕਵਾਸ !' ਜਿਵੇਂ ਮੇਰੇ ਅੰਦਰੋਂ ਕੋਈ ਕਹਿ ਰਿਹਾ ਹੋਵੇ। ਉਸ ਵੇਲੇ ਵੀ ਕਈ ਵਾਰ ਮੇਰਾ ਜੀਅ ਕਰਦਾ ਸੀ......ਕਿ

ਮੈਂ ਦਸਿਆ ਨਾ, ਕਿ ਸ਼ਹਿਰੀ ਲੋਕਾਂ ਦੀ ਇਹ ਸ਼ਬਦਾ-ਵਲੀ ਮੈਨੂੰ ਬਿਲਕੁਲ ਪਸੰਦ ਨਹੀਂ ਸੀ। ਮੇਰੀ ਗਰਦਨ ਤਾਂ ਇਸ ਤਰ੍ਹਾਂ ਤਣੀ ਰਹਿੰਦੀ ਸੀ ਕਿ ਕਿਸੇ ਵੇਲੇ ਮੈਂ ਬੀਵੀ ਬੱਚਿਆਂ ਨੂੰ ਵੀ ਨਹੀਂ ਦੇਖ ਪਾਉਂਦਾ। ਉਹ ਕਹਿੰਦੇ ਸਨ (ਖਾਸ ਕਰਕੇ ਬੀਵੀ) ਕਿ ਮੈਂ ਹੁਣ ਉਚੀਆਂ ਹਵਾਵਾਂ ਵਿਚ ਰਹਿੰਦਾ ਸਾਂ, ਇਹਦਾ ਕੀ ਮਤਲਬ ਸੀ ?

ਮੈਨੂੰ ਸਮਝ ਨਹੀਂ ਆਉਂਦਾ ਸੀ ਕਿ ਬੰਦਾ ਕਿਸ ਤਰ੍ਹਾਂ ਵੇਖੇ ਕਿ ਉਹ ਉਚੀਆਂ ਹਵਾਵਾਂ ਵਿਚ ਨਾ ਰਹੇ। ਮੇਰੇ ਮਨ ਵਿਚੋਂ ਇਹ ਵੀ ਆਵਾਜ਼ ਆਉਂਦੀ ਸੀ ਕਿ ਬੰਦਾ ਉਚੀਆ ਹਵਾਵਾਂ ਵਿਚ ਰਹੇ ਵੀ ਕਿਉਂ ਨਾ ?

Sri Satguru Jagjit Singh Ji Elibrary NamdhariElibrary@gmail.com

......ਪਰ ਮੇਰਾ ਮਿੱਤਰ ਕਹਿੰਦਾ ਸੀ ਸਾਡੇ ਅਜਨਬੀ ਪਨ ਦਾ ਵੱਡਾ ਕਾਰਣ ਇਹੋ ਹੀ ਸੀ।

ਘਰ 'ਚ ਬੀਵੀ ਨਾਲ ਵੀ ਅਕਸਰ ਸਵੇਰ ਸ਼ਾਮ ਇਸੇ ਤਰ੍ਹਾਂ ਦੀਆਂ ਗੱਲਾਂ ਹੁੰਦੀਆਂ ਸਨ :

'ਜਦੋਂ ਬੱਚੇ ਆਉਣਗੇ ਤਾਂ ਮੈਂ ਇਥੋਂ ਚਲਾ ਜਾਵਾਂਗਾ। ਇਥੇ ਥੋੜੀ ਥਾਂ ਹੈ।'

'ਪਰ ਦਿਲ 'ਚ ਤਾਂ......'

'ਦਿਲ ਤੇ ਰਸੋਈ 'ਚ ਬੜਾ ਫਰਕ ਐ।'

'ਜੀ ?'

'ਹਾਂ, ਜੇਕਰ ਰਸੋਈ 'ਚ ਥਾਂ ਨਾ ਹੋਵੇ ਤਾਂ ਦਿਲ 'ਚ ਕਿਵੇਂ ਦਿਤੀ ਜਾ ਸਕਦੀ ਐ।'

'ਦਿਲ ? ਦਿਲ ਫੇਰ ਵੀ ਦਿਲ ਹੀ ਹੈ।' ਉਹ ਕਹਿੰਦੀ ਪਰ ਮੈਂ ਤਲਖੀ ਨਾਲ ਪੁਛਦਾ : ਦਿਲ ਕੀ ? ... ਕਿਹੜਾ ?'

'ਸਰੀਰ 'ਚ ਮਾਸ ਦਾ ਜਿਹੜਾ ਲੋਥੜਾ ਧੜਕ ਰਿਹੈ, ਕੀ ਉਸੇ ਨੂੰ ਹੀ ਲੋਕ ਦਿਲ ਕਹਿੰਦੇ ਨੇ ?'

ਦਿਲ ਦੀ ਧੜਕਣ ਅਤੇ ਸਖਾਵੇਂਤ ਬਾਰੇ ਦੁਨੀਆ ਭਰ ਦੇ ਸ਼ਾਇਰਾਂ ਨੇ ਪਤਾ ਨਹੀਂ ਕੀ ਕੁਝ ਉਟ-ਪਟਾਂਗ ਲਿਖ ਸੁਟਿਆ ਸੀ। ਅਖੇ ਜੀ......ਦਿਲ ਦਰਿਆ......।

ਮੇਰੇ ਬਾਬੇ ਨੇ ਆਪਣੇ ਦੋਵਾਂ ਭਰਾਵਾਂ ਨੂੰ ਤਬਾਹ ਕਰਕੇ ਹੀ ਸਾਰੀ ਜਾਗੀਰਦਾਰੀ ਤੇ ਕਬਜ਼ਾ ਕੀਤਾ ਸੀ। ਕੀ ਉਹਦੇ ਕੋਲ ਦਿਲ ਨਹੀਂ ਸੀ ? ਉਸਦੇ ਭਰਾਵਾਂ ਦਾ ਲਹੂ ਸਾਰੀ ਭੋਇੰ ਵਿਚ ਵਰਖਾ ਦੇ ਪਾਣੀ ਵਾਂਗ ਤਰੌਂਕਿਆ ਗਿਆ ਸੀ। ਬਾਬਾ ਕਹਿੰਦਾ ਸੀ ਕਿ ਉਸੇ ਦਿਨ ਤੋਂ ਫਸਲਾਂ ਪਹਿਲੇ ਨਾਲੋਂ ਵਧਰੇ ਸਾਵੀਆਂ ਤੇ ਭਰਪੂਰ ਹੋਣ ਲਗ ਪਈਆਂ ਸਨ। ਕੀ ਇਹ ਸੱਚ ਸੀ ?

ਮੇਰਾ ਪਿਤਾ ਸਾਰੇ ਟੱਬਰ ਨੂੰ ਬੈਂਤਾਂ ਨਾਲ ਕੁਟਿਆ ਕਰਦਾ ਸੀ। ਮੈਂ ਹਰ ਵੇਲੇ ਸੋਚਿਆ ਕਰਦਾ ਸਾਂ ਕਿ ਇਕ ਦਿਨ ਜ਼ਰੂਰ ਉਹਦੇ ਕੋਲੋਂ ਇਸ ਜਬਰ ਦਾ ਬਦਲਾ ਲਵਾਂਗਾ ਪਰ ਉਹ ਦਿਨ ਹੀ ਨਾ ਆਇਆ। ਉਹ ਦਾਰੂ ਪੀਕੇ ਅਜਿਹਾ ਬੇਹੋਸ਼ ਹੋਇਆ ਕਿ ਮੁੜਕੇ ਹੋਸ਼ 'ਚ ਨਾ ਆਇਆ। ਪਰ ਮਾਂ ਹਾਲੇ ਤਕ ਵੀ ਉਹਦੇ ਹੀ ਸੋਹਿਲੇ ਗਾ ਰਹੀ ਹੈ। ਕੀ ਹਰੇਕ ਬੀਵੀ ਇਸੇ ਤਰ੍ਹਾਂ ਹੀ ਕਰਦੀ ਐ ?

ਮੇਰਾ ਇਹ ਦੋਸਤ ਕਹਿੰਦਾ ਸੀ ਕਿ ਹੁਣ ਮਨੁਖੀ ਸੰਬੰਧਾਂ ਦਾ ਆਧਾਰ ਹੀ ਬਦਲ ਗਿਆ ਹੈ। ਫੇਰ ਮੈਂ ਇਹ ਕੀ ਕਰ ਬੈਠਾ ਸਾਂ ?

ਉਸ ਵੇਲੇ ਮੇਰੇ ਅੰਦਰੋਂ ਕੋਈ ਆਵਾਜ਼ ਕਹਿੰਦੀ ਸੀ : 'ਮਨੁੱਖ ਤੇ ਮਿੱਟੀ ਨੂੰ ਅਸੀਂ ਸਦੀਆਂ ਤੋਂ ਜਾਣਦੇ ਹਾਂ...ਹੁਣ ਸੰਬੰਧਾਂ ਦੇ ਨਵੇਂ ਆਧਾਰ ਕਿਹੜੇ ਬਣ ਗਏ ਨੇ। ਕਿਹੜੇ ? ਹਰ ਪਾਸੇ ਖਾਮੋਸ਼ੀ ਸੀ, ਅਤੇ ਜਾਂ ਤੇਜ਼ ਹਵਾ। ਇਹ ਤੇਜ਼ ਹਵਾ ਤਾਂ ਜ਼ਮਾਨੇ ਨੂੰ ਤਬਾਹ ਕਰਕੇ ਛੱਡੇਗੀ।

ਸ਼ਾਮੀਂ ਜਦੋਂ ਮੈਂ ਘਰ ਪੁਜਾ ਤਾਂ ਮੈਂ ਬਹੁਤ ਹੀ ਉਦਾਸ ਹੋ ਗਿਆ ਸਾਂ। ਮੇਰਾ ਜੀ ਕੀਤਾ ਕਿ ਦਿਨ ਦੀ ਦੁਰਘਟਨਾ ਦਾ ਜ਼ਿਕਰ ਬੀਵੀ ਨਾਲ ਕਰਾਂ। ਪਰ ਉਹ ਕਈ ਦਿਨਾਂ ਤੋਂ ਮੇਰੇ ਨਾਲ ਔਖੀ ਸੀ। ਉਹਨੂੰ ਹੁਣ ਮੈਂ ਹੋਰ ਦੁਖੀ ਨਹੀਂ ਸਾਂ ਕਰਨਾ ਚਾਹੁੰਦਾ। ਵਿਚਾਰੀ ਬੜੀ ਖੂਬਸੂਰਤ ਤੇ ਪਤਲੀ ਪਤੰਗ ਕੁੜੀ ਮੇਰੇ ਲੜ ਲਗ ਗਈ ਸੀ। ਸਭੋ ਹੀ ਲੋਕ ਉਹਦੇ ਰੰਗ ਰੂਪ ਦੀ ਤਾਰੀਫ ਕਰਦੇ ਸਨ। ਉਹਨੂੰ ਸੋਹਣ ਸੁਣੱਖੀ ਕਹਿੰਦੇ ਸਨ। ਜੇਕਰ ਮੇਰਾ ਬਾਬਾ ਜੀਊਂਦਾ ਹੁੰਦਾ, ਤਾਂ ਕਹਿੰਦਾ 'ਸੁਆਹ ਸੋਹਣੀ ਐ। ਇਹਨੇ ਇਕ ਡਾਂਗ ਨਹੀਂ ਸਹਿਣੀ।

ਮੇਰਾ ਵੀ ਕਈ ਵਾਰ ਜੀ ਕੀਤਾ ਸੀ ਕਿ ਜਦੋਂ ਉਹ ਮੇਰੀ ਹਾਂ 'ਚ ਹਾਂ ਨਹੀਂ ਮਿਲਾਂਦੀ ਤਾਂ ਉਹਦੇ ਮੌਰਾਂ ਮੁੱਢ ਦੋ ਜੜ ਦਿਆਂ। ਪਰ ਮੈਨੂੰ ਉਹਦੀ ਖੂਬਸੂਰਤੀ ਤੇ ਤਰਸ ਆ ਜਾਂਦਾ ਸੀ। ਹਾਂ ਤਰਸ ਹੀ।...ਕੀ ਅਜ ਉਸੇ ਦਾ ਹੀ ਗੁੱਸਾ ਆਪਣੇ ਮਿੱਤਰ ਤੇ ਕਢਿਆ ਸੀ। ਪਰ ਉਹਨੇ ਇਹ ਕਿਉਂ ਕਿਹਾ ਸੀ :

'ਸੁਣਾਉ ! ਅਜਕਲ ਦਿਮਾਗ ਤਾਂ ਠੀਕ ਐ ?

ਮੇਰੇ ਲਈ ਸੋਚਣਾ ਸਮਝਣਾ ਔਖਾ ਹੋ ਗਿਆ ਸੀ। ਸੱਚੀ ਗੱਲ ਤਾਂ ਇਹ ਹੈ ਕਿ ਮੈਂ ਕਦੀ ਵੀ ਗੰਭੀਰਤਾ ਨਾਲ ਸੋਚਣ ਸਮਝਣ ਦੇ ਗੇੜ 'ਚ ਹੀ ਨਹੀਂ ਸਾਂ ਪਿਆ। ਅਸਾਂ ਕਿਹੜਾ ਦੁਨੀਆ ਬਦਲ ਲੈਣੀ ਹੈ।

ਮੇਰਾ ਅਫਸਰ ਦਫਤਰ ਵਿਚ ਵੀ ਸ਼ਰਾਬ ਪੀ ਕੇ ਆਉਂਦਾ ਸੀ। ਉਹਨੇ ਮੈਨੂੰ ਕਦੀ ਵੀ ਕੰਮ ਲਈ ਨਹੀਂ ਸੀ ਕਿਹਾ। ਮੈਨੂੰ ਇਹ ਸਥਿਤੀ ਪੂਰੀ ਤਰ੍ਹਾਂ ਸਵੀਕਾਰ ਸੀ। ਕਦੀ-ਕਦੀ ਮਾਂ ਦਾ ਖਤ ਆਉਂਦਾ ਸੀ ਕਿ ਮੁਜ਼ਾਰੇ ਹੁਣ ਹੋਰ

Sri Satguru Jagjit Singh Ji Elibrary NamdhariElibrary@gmail.com

ਹੀ ਤਰ੍ਹਾਂ ਦੀਆਂ ਵਿਦਰੋਹ ਭਰੀਆਂ ਗੱਲਾਂ ਕਰਨ ਗੱਲ ਪਏ ਨੇ। ਕਰਦੇ ਰਹਿਣ ਸਮਝਣ ਦਾ ਲਾਭ ਹੀ ਕੀ ਹੈ। ਸੋਚਣ ਸਮਝਣ ਲਗਿਆਂ ਸਿਰ ਚਕਰਾ ਜਾਂਦਾ ਸੀ। ਜਿਵੇਂ ਦਿਮਾਗ ਫਿਰ ਗਿਆ ਹੋਵੇ।

ਪਰ ਹੁਣ ਮੈਂ ਲਗਾਤਾਰ ਸੋਚੀ ਜਾ ਰਿਹਾ ਸਾਂ ਕਿ ਆਪਣੇ ਮਿੱਤਰ ਨਾਲ ਕਿਵੇਂ ਨਜਿਠਿਆ ਜਾਵੇ।

ਇਸ ਵੇਲੇ ਮੇਰੇ ਮਨ 'ਚ ਆਉਂਦਾ ਕਿ ਜੇਕਰ ਉਹਦੇ ਜਬਾੜੇ ਤੇ ਮੁੱਕਾ ਮਾਰਿਆ ਹੀ ਸੀ ਤਾਂ ਕੁਝ ਇਸ ਢੰਗ ਨਾਲ ਮਾਰਨਾ ਸੀ ਕਿ ਉਹਨੂੰ ਦੁਨੀਆ ਘੁੰਮਦੀ ਹੋਈ ਨਜ਼ਰ ਆਉਂਦੀ। ਸਾਰੀ ਉਮਰ ਲਈ ਚੇਤੇ ਰਖਦਾ ਕਿ ਕਿਸੇ ਜਾਗੀਰਦਾਰ ਦੇ ਪੁਤਰ ਨਾਲ ਵਾਹ ਪਿਆ ਸੀ। ਪਰ ਫੇਰ ਖਿਆਲ ਆਉਂਦਾ ਕਿ...

ਬਸ ਇਸ ਤੋਂ ਮਗਰੋਂ ਮੇਰੀਆਂ ਅੱਖਾਂ ਸਾਹਮਣੇ ਦੁਨੀਆ ਘੁੰਮਦੀ ਹੋਈ ਨਜ਼ਰ ਆਉਂਦੀ...(ਇਹ ਗੱਲ ਬਿਲਕੁਲ ਸਹੀ ਹੈ।)

ਮੈਂ ਕਾਫੀ ਚਿਰ ਤਕ ਪਰੇਸ਼ਾਨ ਰਿਹਾ।

ਬੀਵੀ ਸਮੇਤ ਸਜਨ ਮਿਤਰ ਅਤੇ ਪਿਆਰੇ ਮੇਰੇ ਨਾਲ ਕੁਝ ਨਾਰਾਜ਼ ਰਹਿੰਦੇ ਸਨ, ਇਸ ਲਈ ਮੈਂ ਘਰ ਦੀਆਂ ਬੇਜਾਨ ਕੰਧਾ ਤੋਂ ਸਲਾਹ ਲੈਣੀ ਸ਼ੁਰੂ ਕਰ ਦਿਤੀ। ਹੋਰ ਕਰਦਾ ਵੀ ਕੀ।

ਮੇਰਾ ਖਿਆਲ ਹੈ ਕਿ ਉਸ ਵੇਲੇ ਮੇਰਾ ਚਿਹਰਾ ਜਰੂਰ ਵਿਕਰਿਤ ਹੋ ਗਿਆ ਹੋਵੇਗਾ। ਤਦੇ ਹੀ ਮੇਰੀ ਬੀਵੀ ਨੇ ਕਿਸੇ ਨਾ ਕਿਸੇ ਬਹਾਨੇ ਨਾਲ ਅੰਦਰ ਚੱਕਰ ਲਾਉਣੇ ਸ਼ੁਰੂ ਕਰ ਦਿਤੇ ਸਨ। ਮੈਨੂੰ ਤੱਕ ਰਿਹਾ ਉਹਦਾ ਚਿਹਰਾ ਕਹਿ ਰਿਹਾ ਸੀ ਕਿ ਅਜ ਜਰੂਰ ਕੁਝ ਹੋ ਗਿਆ ਹੈ...ਜਾਂ...ਹੋਣ ਵਾਲਾ ਹੈ। ਪਰ ਮੈਂ ਚੁਪ ਹੀ ਰਿਹਾ। ਸਗੋਂ ਮੂੰਹ ਲੁਕਾਂਦਾ ਰਿਹਾ। ਪਰ ਕੀ ਬੀਵੀ ਤੋਂ ਮੂੰਹ ਲੁਕਾਕੇ ਵੀ, ਲੁਕਾਇਆ ਜਾ ਜਾ ਸਕਦਾ ਹੈ।

ਸਾਡੇ ਸੰਬੰਧਾਂ ਵਿਚ ਉਹੋ ਹੀ ਸੁੰਨਾਪਨ ਪੈਦਾ ਹੋ ਗਿਆ ਸੀ, ਜੋਕਿ ਪਤੀ ਪਤਨੀ ਬਣਨ ਤੇ ਮਰਦ ਔਰਤ ਵਿਚਕਾਰ ਪੈਦਾ ਹੋ ਜਾਂਦਾ ਹੈ। ਫੇਰ ਮੂੰਹ ਲੁਕਾਣ ਦਾ ਅਮਲ ਹੀ ਬਾਕੀ ਰਹਿ ਜਾਂਦਾ ਹੈ।

ਬਹੁਤ ਸੋਚ ਸੋਚਕੇ ਮੈਂ ਇਸ ਨਤੀਜੇ ਤੇ ਪੁਜਾ ਕਿ ਮੈਨੂੰ ਹੁਣੇ ਹੀ ਆਪਣੇ ਮਿਤਰ ਕੋਲ ਜਾਣਾ ਚਾਹੀਦਾ ਹੈ। ਮੁੱਕਾ ਖਾਕੇ ਉਹਦੇ ਮਨ 'ਚ ਜਿਹੜੀ ਜ਼ਹਿਰ ਕੁਲਬੁਲਾ ਰਹੀ ਹੋਵੇਗੀ, ਉਹ ਬਾਹਰ ਨਿਕਲ ਆਵੇਗੀ। ਆਹਮੋ ਸਾਹਮਣੇ ਹੋਣ ਨਾਲ ਸਾਰੀ ਗੱਲ ਦਾ ਨਿਤਾਰਾ ਹੋ ਜਾਵੇਗਾ।

ਭਾਵੇਂ ਕੋਈ ਕਿੰਨਾ ਵੀ ਡਾਢਾ ਬੰਦਾ ਹੋਵੇ, ਮੈਂ ਤਾਂ ਉਹਦੇ ਸਾਹਮਣੇ ਜੇਬਾਂ 'ਚ ਹੱਥ ਪਾਕੇ ਹੀ ਖਲੋਤਾ ਰਹਿੰਦਾ ਹਾਂ। ਮੈਂ ਕਿਸੇ ਤੋਂ ਵੀ ਨਹੀਂ ਡਰਦਾ...ਉਹਨੇ ਇਕ ਦਿਨ ਬੜੀ ਸਹਿਜਤਾ ਨਾਲ ਕਿਹਾ ਸੀ—'ਡਰਾਂ ਵੀ ਕਿਉਂ ? ਮੈਂ ਹਰੇਕ ਚਿਹਰੇ ਨੂੰ ਮੁਖੌਟੇ ਦੇ ਅੰਦਰੋਂ ਵੀ ਪਛਾਣ ਲੈਂਦਾ ਹਾਂ।

ਮੈਂ ਕਈ ਤਰ੍ਹਾਂ ਦੇ ਮੁਖੌਟਿਆਂ ਨਾਲ ਆਪਣੇ ਚਿਹਰੇ ਨੂੰ ਲੁਕਾਣ ਦਾ ਜਤਨ ਕੀਤਾ, ਪਰ ਗੱਲ ਨਹੀਂ ਬਣੀ। ਮੇਰੀ ਫਟਪਟਾਹਟ ਦਾ ਨਤੀਜਾ ਇਹ ਨਿਕਲਿਆ ਕਿ ਮੈਂ ਚੋਖੀ ਰਾਤ ਗਏ ਉਹਦੇ ਕੋਲੋਂ ਮਾਫੀ ਮੰਗਣ ਲਈ ਗਿਆ।

ਇਹੋ ਹੀ ਸਹੀ ਗੱਲ ਸੀ।

ਉਸ ਵੇਲੇ ਅਸੀਂ ਦੋਵੇਂ ਹੀ ਪਰਛਾਵਿਆਂ ਵਾਂਗ ਇਕ ਦੂਸਰੇ ਦੇ ਸਾਹਮਣੇ ਬੈਠੇ ਸਾਂ। ਮੈਂ ਬਹੁਤ ਸੋਚ-ਸੋਚ ਕੇ ਆਪਣੇ ਸੁਭਾ ਦੇ ਉਲਟ ਕੁਝ ਰਿਵਾਇਤੀ ਸ਼ਬਦ ਕਹਿਣ ਦਾ ਜਤਨ ਕੀਤਾ। ਪਰ ਉਹਨੇ ਤਾਂ ਮੈਨੂੰ ਪਛਾਨਣ ਤੋਂ ਹੀ ਇਨਕਾਰ ਕਰ ਦਿਤਾ। ਜਿਵੇਂ ਮੇਰੀ ਕੋਈ ਹਸਤੀ ਹੀ ਨਾ ਹੋਵੇ।

ਮੇਰਾ ਖਿਆਲ ਸੀ ਕਿ ਮੇਰੀ ਆਮਦ ਨਾਲ ਉਹ ਖੁਸ਼ ਹੋ ਜਾਵੇਗਾ, ਤੇ ਸਾਰੀ ਗੱਲ ਭੁੱਲਕੇ ਪਹਿਲਾਂ ਵਾਂਗ ਹੀ ਮੇਰੇ ਨਾਲ...ਪਰ ਉਹਨੇ ਪੂਰੀ ਤਰ੍ਹਾਂ ਅਜਨਬੀਪਨ ਨਾਲ ਕਿਹਾ—ਤੁਹਾਨੂੰ ਮੇਰੇ ਨਾਲ ਕੋਈ ਕੰਮ ਹੈ ਤਾਂ ਦਸੋ।

ਉਹਦੀ ਆਵਾਜ਼, ਉਹਦੀ ਆਵਾਜ਼ ਨਹੀਂ ਸੀ ਜਾਪਦੀ। ਘਟੋ ਘਟ ਮੈਂ ਤਾਂ ਇਸੇ ਤਰ੍ਹਾਂ ਹੀ ਮਹਿਸੂਸ ਕੀਤਾ।

ਇਸ ਗੱਲ ਨਾਲ ਮੈਨੂੰ ਬੜੀ ਸ਼ਰਮਿੰਦਗੀ ਮਹਿਸੂਸ ਹੋਈ ਤੇ ਮੈਂ ਕਾਹਲੀ ਨਾਲ ਉਥੋਂ ਉਠ ਪਿਆ।

ਨਹੀਂ ਮੈਨੂੰ ਕੋਈ ਕੰਮ ਨਹੀਂ। ਮੈਨੂੰ ਕੀ ਕੰਮ ਹੋ ਸਕਦਾ ਹੈ। ਮੈਂ ਬੜੀ ਔਖਿਆਈ ਨਾਲ ਆਪਣੇ ਆਪ ਨੂੰ ਕਿਹਾ।

ਉਸੇ ਵੇਲੇ ਮੇਰਾ ਜੀਅ ਕਰਦਾ ਸੀ ਕਿ ਉਹਦੇ ਕਨਾਂ ਮੁੱਢ ਦੋ ਧੌਲਾਂ ਜੜਕੇ ਉਹਨੂੰ ਏਨੇ ਠੰਡੇ ਵਤੀਰੇ ਦਾ ਮਜ਼ਾ ਚਖਾ ਦਿਆਂ। ●

140, ਸੁਖਜੀਤ ਨਗਰ
ਕਪੂਰਥਲਾ।

Sri Satguru Jagjit Singh Ji Elibrary NamdhariElibrary@gmail.com

ਚਲਦੇ ਚਲਦੇ

ਮੇਰੇ ਪ੍ਰੇਰਨਾ ਸਰੋਤਾਂ ਚੋਂ

ਪ੍ਰੇਮ ਗੋਰਖੀ

ਮੈਂ ਜ਼ਿੰਦਗੀ ਵਿਚ ਹਰ ਅੱਛੇ ਇਨਸਾਨ ਨੂੰ ਹਮੇਸ਼ਾਂ ਇਕ ਚੰਗੀ ਕਿਤਾਬ ਦੇ ਤੌਰ ਤੇ ਲਿਆ ਹੈ ਤੇ ਉਸ ਨੂੰ ਦਿਲ ਦੀ ਉਸ ਅਲਮਾਰੀ ਵਿਚ ਸਾਂਭ ਕੇ ਰਖ ਲਿਆ ਜਿਸ ਨੂੰ ਮੈਂ ਲਾਇਬ੍ਰੇਰੀ ਦੇ ਤੌਰ ਤੇ ਵਰਤਦਾ ਹਾਂ।—ਚੰਗੇ ਮਿਤਰਾਂ ਦੀ ਸੋਹਬਤ, ਉਹਨਾਂ ਦੀਆਂ ਚੰਗੀਆਂ ਰਾਵਾਂ ਤੇ ਵੇਲੇ ਵੇਲੇ ਦਿਤੀਆਂ ਨਸੀਹਤਾਂ ਮੇਰੇ ਦਿਲ ਦੇ ਲੀੜੇ ਦੀ ਕੰਨੀ ਹਮੇਸ਼ਾਂ ਬਝਦੀਆਂ ਰਹੀਆਂ ਹਨ ਜਿਹਨਾਂ ਸਦਕਾ ਮੈਂ ਲੋਕਾਂ ਨੂੰ ਜਚਦਾ ਕੁਝ ਚੰਗਾ ਚੰਗਾ ਲਿਖ ਸਕਣ ਦੀ ਸਮਰਥਾ 'ਚ ਹੋਇਆ ਹਾਂ। ਮੈਂ ਜੋ ਇਕ ਅਵਾਰਾਗਰਦ ਇਨਸਾਨ ਸਾਂ, ਅਤਿ ਘਿਨਾਉਣੇ ਕੰਮਾਂ ਨੂੰ ਪਿਆਰਦਾ ਤਸ਼ਦਦ ਦੇ ਮੂੰਹ ਡਿਗਿਆ ਹੋਇਆ ਸਾਂ, ਉਲਟੇ ਕੰਮਾਂ ਨੂੰ ਹਮੇਸ਼ਾਂ ਚੰਗਾ ਸਮਝ ਕੇ ਕੀਤਾ ਸੀ, ਉਸ ਮੇਰੇ ਆਪੇ ਨੂੰ ਮੇਰੇ ਸੁਹਿਰਦ ਦੋਸਤਾਂ ਨੇ ਸਾਂਭ ਲਿਆ ਹੈ ਜਿਸ ਕਰਕੇ ਮੈਂ ਜ਼ਿੰਦਗੀ ਭਰ ਇਹਨਾਂ ਦਾ ਦੇਣਦਾਰ ਰਹਾਂਗਾ। ਆਓ ਮੈਂ ਇਕ ਇਹੋ ਜਿਹੇ ਇਨਸਾਨ ਨਾਲ ਮਿਲਾਵਾਂ, ਜੋ ਬਾਹਰੋਂ ਸੁਨਹਿਰੀ ਨਹੀਂ ਹੈ ਅੰਦਰੋਂ ਸੁਨਹਿਰੀ ਹੈ। ਇਹ ਹੈ ਸ਼ਾਮ ਸਿੰਘ, ਇਹ ਕੋਈ ਲੇਖਕ ਨਹੀਂ ਹੈ, ਇਹ ਕੋਈ ਪੀਰ ਪੈਗੰਬਰ ਵੀ ਨਹੀਂ ਹੈ, ਪਰ ਮੈਂ ਆਖਾਂਗਾ ਕਿ ਇਹ ਇਕ ਚੰਗਾ ਤੇ ਸੁਹਿਰਦ ਮਿਤਰ ਹੈ ਜਿਸ ਦੇ ਖਤ ਮੇਰੇ ਬਰਾਬਰ ਤੁਰ ਰਹੇ ਨੇ। ਉਹ ਲਿਖਦਾ ਹੈ :

11-10-72 ਪਿਆਰੇ ਗੋਰਖੀ ! ਸ਼ਬਦਾਂ ਦੀ ਖੇਡ ਬੜੀ ਪਿਆਰੀ ਹੁੰਦੀ ਹੈ ਇਹ ਭਾਵੇਂ ਨਾਵਲ 'ਚ ਹੋਵੇ ਤੇ ਭਾਵੇਂ ਖਤ 'ਚ—ਹਰ ਰਚਨਾ ਵਿਚਾਰ ਅਧੀਨ ਲਿਆਂਦੀ ਜਾ ਸਕਦੀ ਹੈ ਕਿਉਂਕਿ ਕੋਈ ਵੀ ਰਚਨਾ ਪੂਰਨ ਨਹੀਂ ਹੁੰਦੀ। ਕਿਸੇ ਵੀ ਪੂਰਨਤਾ ਵਿਚ ਦੂਜੀ ਅੱਖ ਨੂੰ ਅਪੂਰਨਤਾ ਭਾਸਦੀ ਹੈ। ਇਸ ਦਾ ਸਬੰਧ ਮਨੁੱਖੀ ਸੂਝ ਨਾਲ ਹੈ।—ਚਰਚਾ ਕਦੇ ਮਾੜੀ ਨਹੀਂ—ਭਖਵੀਂ ਬਹਿਸ ਵਿਚੋਂ ਵੀ ਕੂਲੇ ਵਿਚਾਰ ਤੇ ਠੀਕ ਵਿਚਾਰ ਉਭਰ ਸਕਦੇ ਹਨ।

14-6-73—ਵਾ-ਲੇਕਮ ਸਲਾਮ—ਮੁਹੱਬਤ ਦਾ ਮਹੱਲ ਤਾਂ ਕਿਰ ਸਕਦਾ ਹੈ ਪਰ ਇਸ ਦੇ ਅਰਥ ਸਦਾ ਸਲਾਮਤ ਰਹਿੰਦੇ ਹਨ। ਤੇ ਅਸਲ ਬਾਤ ਵੀ ਇਹੋ ਹੈ ਕਿ ਦਿਨ ਹੋਵੇ ਜਾਂ ਰਾਤ ਅਰਥ ਯਾਤ੍ਰਾ ਕਰੀਏ। ਅਰਥ ਯਾਤਰਾ ਵਿਚ ਅਰਥਾਂ ਦੀ ਖ਼ੂਬਸੂਰਤੀ ਵੀ ਨਿਖਰਦੀ ਹੈ ਤੇ ਮਹੱਲ ਦਾ ਬਚਾ ਵੀ। ਉਂਝ ਮੁਹੱਬਤ ਨੂੰ ਮਹੱਲ ਨਹੀਂ ਅਰਥ ਸਮਝਿਆ ਜਾਣਾ ਚਾਹੀਦਾ ਹੈ ਜੋ ਅਸਾਂ ਸਭ ਨੇ ਜੀਵਿਆ ਤੇ ਜੀਉਂਦੇ ਹਾਂ।—ਖ਼ਾਸ ਤੌਰ ਤੇ ਕਵਿਤਾ ਲਿਖਦਿਆਂ ਗੁੰਝਲਦਾਰ ਹੋਣਾ ਅੱਜ ਦਾ ਗੁਣ ਹੈ। ਉਂਝ ਮੈਂ ਇਸ ਗੁਣ ਨੂੰ ਨਫਰਤ ਕਰਦਾ ਹਾਂ। ਪਰ ਫੇਰ ਵੀ ਸਮਕਾਲੀ ਸਮਾਜ ਖੰਡਿਤ ਦਸ਼ਾ ਦਾ ਸ਼ਿਕਾਰ ਹੈ ਜਿਸ ਤੋਂ ਅਭਿੱਜ ਰਹਿੰਣਾ ਨਾ ਮੁਮਕਿਨ ਹੈ। ਜੇ ਮੇਰੇ ਗੁੰਝਲਦਾਰ ਸ਼ਬਦ ਸ਼ਹਿਦ ਵਰਗੇ ਮਿੱਠੇ ਹੋ ਸਕਦੇ ਹਨ ਤਾਂ ਅੱਗੇ ਨੂੰ ਮੈਂ ਸਪਾਟ ਤੇ ਸਪਸ਼ਟ ਸ਼ਬਦਾਂ ਦੀ ਸਿਰਜਨਾ ਕਰਕੇ ਵੀ ਇਸ ਸ਼ਹਿਦ ਦੀ ਤਾਸੀਰ ਨੂੰ ਨਾਲ ਤੋਰਾਂਗਾ। ਸ਼ਬਦਾਂ ਅਰਥਾਂ ਦਾ ਸੰਗਮ ਹੀ ਕਿਸੇ ਘਟਨਾ ਦਾ ਚਿਹਰਾ ਚਿਤਰਦਾ ਹੈ। ਉਸ ਉਭਰੇ ਚਿਹਰੇ ਵਿਚੋਂ ਅਸੀਂ ਸ਼ਬਦ ਤੇ ਅਰਥ ਪੜ੍ਹ ਸਕਦੇ ਹਾਂ ਤੇ ਘਟਨਾ ਦੀ ਇਕਸੁਰਤਾ ਨਾਲ ਲੀਨ ਹੋ ਸਕਦੇ ਹਾਂ ਜੀਊ ਸਕਦੇ ਹਾਂ। ਜੀਊ ਕੇ ਲਿਖਿਆ ਸਾਹਿਤ ਹੀ ਅਮਰ ਤੇ ਉਤਮ ਹੋਇਆ ਕਰਦੇ। ਇਹ ਜੀਊਣ ਭਾਵੇਂ ਯਥਾਰਥ ਵਿਚ ਹੋਵੇ ਤੇ ਭਾਵੇਂ ਮਾਨਸਿਕ ਰੂਪ ਵਿਚ। ਗੱਲ ਤਾਂ ਸੁਹਿਰਦ ਜੀਊਣ (ਅਮਲ) ਦੀ ਹੈ।

ਗਗਨ ਨਿਵਾਸ ਪਟਿਆਲਾ 29-5-72/ ਜਦੋਂ ਮਨੁੱਖ ਅੱਗ ਵਿਚ ਤੁਰਨ ਦਾ ਰਸਤਾ ਤੈਅ ਕਰ ਲਏ ਤਾਂ ਉਸ ਨੂੰ ਕਿਸੇ ਮਿੱਤਰ ਦੀ ਵੀ ਪ੍ਰਵਾਹ ਨਹੀਂ ਹੁੰਦੀ।—ਹੰਝੂ ਹੰਝੂ ਕਿਰ ਕੇ ਮਨੁੱਖ ਕਦੇ ਮਾਰੂਥਲ ਬਣ ਜਾਂਦਾ ਹੈ ਪਰ ਫਿਰ ਵੀ ਉਸ ਨੂੰ ਸ਼ਬਨਮ ਦੀ ਤਰ੍ਹਾਂ ਰੋਣਾ ਨਹੀਂ ਭੁਲਦਾ ਪਰ... !—ਹਨੇਰਿਆਂ ਦੇ ਦਰਦ ਕਹਾਣੀ ਨੂੰ ਉਜਿਆਰੇ ਨਹੀਂ ਜਾਣ ਸਕਦੇ। ਪਰ ਅੰਨ੍ਹਾ ਆਦਮੀ ਵੀ ਆਪਣੇ ਤਸੱਵਰ ਵਿਚ ਦੁਨੀਆਂ ਦੀ ਤਸਵੀਰ ਚਿਤਰੀ ਬੈਠਾ ਹੁੰਦੈ।

Sri Satguru Jagjit Singh Ji Elibrary NamdhariElibrary@gmail.com

—ਜਦੋਂ ਕੋਈ ਮਨੁੱਖ ਵਕਤ ਦੇ ਪੰਨਿਆਂ ਤੋਂ ਘਟਨਾਵਾਂ ਤੇ ਹਾਦਸੇ ਉਤਾਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਖ਼ੁਦ ਹਾਦਸਿਆਂ ਵਿਚ ਲਪੇਟ ਹੋ ਜਾਇਆ ਕਰਦੈ। ਜਾਪਦੈ ਕਿ ਮੈਂ ਕਈ ਮਿਸ਼ਰਤ ਅੱਖਾਂ ਦਾ ਹੰਝੂ ਹਾਂ। ਪਰ ਮੈਨੂੰ ਇਸ ਹੰਝੂ ਦੀ ਤਾਸੀਰ ਦੀ ਵੀ ਵਾਕਫੀ ਨਹੀਂ।

'ਚਾਹਤਾ ਹੂੰ ਕਿ ਰਾਤ ਭਰ ਖ਼ੁਦ ਦਰਦ ਮੇਂ ਰੋਤਾ ਰਹੂੰ

ਪਰ ਅਫਸੋਸ ਹੈ ਕਿ ਆਂਖ ਮੇਂ ਆਂਸੂ ਕੋਈ ਬਾਕੀ ਨਹੀਂ।

ਚੰਡੀਗੜ੍ਹ 21 ਮਈ 72—ਚੰਡੀਗੜ੍ਹ ਦੀਆਂ ਤਪਦੀਆਂ ਸੜਕਾਂ ਸਿਰ ਤੇ ਚੁੱਕੀ ਫਿਰਦਾ ਹਾਂ। ਇਥੇ ਸੜਕਾਂ ਦੇ ਕਿਨਾਰਿਆਂ ਤੇ ਖਿੜੇ ਗੁਲ ਮੋਹਰ ਤੇ ਹੋਰ ਅਨੇਕਾਂ ਬ੍ਰਿਛ ਫੁੱਲਾਂ ਸਮੇਤ ਤਪਦੀ ਧੁੱਪ 'ਚ ਵੀ ਹਸ ਰਹੇ ਹਨ। ਇਹਨਾਂ ਗੁਲ ਮੋਹਰਾਂ ਨਾਲ ਮੈਨੂੰ ਬਹੁਤ ਪਿਆਰ ਹੈ। ਮੈਂ ਇਥੇ ਸ਼ਾਮ ਨੂੰ ਲੇਕ ਤੇ ਇਕੱਠੇ ਹੁੰਦੇ ਗੀਤਾਂ ਨੂੰ ਗਲਵਕੜੀਆਂ ਪਾਉਣ ਆਇਆ ਸਾਂ ਪਰ ਆਪਣੇ ਆਪ ਨੂੰ ਵੀ ਆਪਣੀ ਗਲਵਕੜੀ ਤੋਂ ਬਾਹਰ ਹੋਇਆ ਵੇਖ ਰਿਹਾ ਹਾਂ। ਕਦੇ ਕਦੇ ਆਪਣਾ ਆਪ ਵੀ ਰੁਸ ਜਾਇਆ ਕਰਦੈ। ਜਾਗ੍ਰਤੀ (ਫਰਵਰੀ) ਵਿਚ ਛਪੀ ਕਹਾਣੀ 'ਲੁਟੇਰੇ' ਪੜੀ। ਇਹੋ ਜਹੀਆਂ ਕਹਾਣੀਆਂ ਸਮਾਜਿਕ ਬੀਮਾਰੀਆਂ ਦਾ ਇਲਾਜ ਹੁੰਦੀਆਂ ਹਨ। ਹੱਡ ਬੀਤੀ ਜਗ ਬੀਤੀ' ਜੀਊਂਦਾ ਆਦਮੀ, ਮਾਂ ਧੀ ਆਦਿ ਵਰਗੀਆਂ ਕਹਾਣੀਆਂ ਲਿਖਦਾ ਤੂੰ ਕਿਥੇ ਫੇਰ 'ਪਿਉ ਪੁੱਤਰ' ਵਿਚ ਜਾ ਫਸਿਆ। ਭਾਵੇਂ ਮਈ ਵਾਲੀ ਲਕੀਰ ਵਿਚ ਪਾਰਕਾਂ ਵਲੋਂ ਤੇਰੀ ਇਸ ਕਹਾਣੀ (ਪਿਉ ਪੁੱਤਰ) ਦੀ ਬੜੀ ਸ਼ਲਾਘਾ ਹੈ ਪਰ ਮੈਂ ਇਸ ਸ਼ਲਾਘਾ ਨੂੰ ਫੂਕ ਹੀ ਸਮਝਦਾ ਹਾਂ। ਤੇਰੇ ਪਿਆਰੇ ਮੂਰਖ ਮਿਤਰ ਵਲੋਂ ਇਕ ਵਾਰ ਫੇਰ ਸਲਾਹ ਦਿਤੀ ਜਾ ਰਹੀ ਹੈ ਕਿ ਤੂੰ ਆਪਣੇ ਆਪ ਨੂੰ ਘੋਖ ਤੇ ਜੇ ਫੇਰ ਵੀ ਤੈਨੂੰ ਆਂਤਰ ਵਿਚੋਂ ਹੁੰਗਾਰਾ ਮਿਲਦਾ ਹੈ ਤਾਂ ਤੂੰ ਜ਼ਰੂਰ ਲਿਖ......ਜ਼ਰੂਰ ਲਿਖ। ਕਲਮ ਤੇ ਆਂਤਰ ਦਾ ਮੇਲ ਜ਼ਰੂਰੀ ਹੀ ਨਹੀਂ ਸਗੋਂ ਅਤਿ ਜ਼ਰੂਰੀ ਤੇ ਲਾਜ਼ਮੀ ਹੈ। ਉੱਚੀਆਂ ਸਿਖਰਾਂ ਨੂੰ ਛੋਹਣ ਲਈ ਸਫ਼ਰ ਨਾਲ ਇਕ ਸੁਰ ਹੋਣ ਦੀ ਲੋੜ ਹੋਇਆ ਕਰਦੀ ਹੈ।

(ਜਦੋਂ ਕਦੇ ਮੈਂ ਗਲਤ ਬਹਿਸ ਕਰਨ ਦਾ ਸ਼ਿਕਾਰ ਹੋਇਆ ਹਾਂ ਤਾਂ ਉਹਨਾਂ ਖਤ ਲਿਖਿਆ ;)

—15 ਮਈ—ਦਰਅਸਲ ਸਿਧਾਂਤਕ ਬਹਿਸ ਖਤਾਂ ਰਾਹੀਂ ਕਦੇ ਹਲ ਨਹੀਂ ਹੋਈ। ਇਸ ਦੀ ਅੰਤ੍ਰਿਮ ਸਤਹਿ ਇਕ ਮਿਲਣੀ ਜਾਂ 'ਸਿਖਰ ਸੰਮੇਲਨ' ਦੁਆਰਾ ਹੀ ਪਾਈ ਜਾ ਸਕਦੀ ਹੈ। ਤੇਰੇ ਪੇਸ਼ ਕੀਤੇ ਗਏ ਨੁਕਤੇ ਦਲੀਲ ਵਿਚੋਂ ਨਹੀਂ ਗੁਜ਼ਰਦੇ ਤੇ ਨਾ ਹੀ ਦਲੀਲ ਉਨ੍ਹਾਂ ਵਿਚੋਂ ਗੁਜ਼ਰਦੀ ਹੈ। ਦਲੀਲ ਤੋਂ ਬਿਨਾਂ ਉਠਾਏ ਗਏ ਨੁਕਤੇ ਦਰਅਸਲ ਤਾਂ 'ਅ-ਨੁਕਤੇ' ਹੀ ਕਹਿਲਾਣ ਦੇ ਹੱਕਦਾਰ ਬਣਦੇ ਹਨ। ਖਤਾ ਬਖਸ਼ ਦੇਣਾ ਮਹਾਰਾਜ।

—23 ਜੂਨ 73—ਕਾਲੀ ਰਾਤ ਦੀ ਅੱਡੀ 'ਚ ਜ਼ਖਮ। ਬਾਤ ਔਖੀ ਘੜੀ ਦੀ ਸੌਖੀ ਵਿਚ ਨਿਬੇੜੀ ਗਈ। ਸੁਣਦਿਆਂ ਕਹਾਣੀ ਕਿਧਰੇ ਨਹੀਂ ਮਿਲ ਸਕੀ। ਘਟਨਾ ਜ਼ਰੂਰ ਸੁਣੀ ਹੈ ਤੇ ਉਹ ਵੀ ਸਰਲ ਜਹੀ। ਨਹਿਰ ਦਾ ਟੁਟਣਾ, ਹੜ੍ਹ ਆਉਣਾ—ਇਕੋ ਪਾਤਰ ਲਈ ਜ਼ਿਆਦਾ ਮੁਸੀਬਤ—ਅਜਿਹੇ ਔਖੇ ਵੇਲੇ ਵੀ ਕਿਸਾਨਾਂ ਦੇ ਘਰੋਂ ਝਿੜਕਾਂ ਤੇ ਗਰਕ ਹੋ ਰਹੇ ਕਾਰਜ ਵਿਚ ਟਰਕ ਵਾਲਿਆਂ ਦੀ ਸੇਵਾ ਦਾ ਮਨੋਰਥ ਹੋਰ ਦਸ ਕੇ ਉਥੋਂ ਭੇਜ ਦੇਣਾ ਆਦਿ ਅਜਿਹੀਆਂ ਬਾਤਾਂ ਹਨ ਜੋ ਸੁਭਾਵਿਕ ਨਹੀਂ ਜਾਪਦੀਆਂ ਸਗੋਂ ਯਤਨ ਨਾਲ ਜ਼ੋਰ ਪਾ ਕੇ ਜੋੜੀਆਂ ਲਘੂ ਘਟਨਾਵਾਂ ਹਨ। ਕਹਾਣੀ ਕ੍ਰਿਆ ਆਪਣੇ ਆਪ ਨਹੀਂ ਤੁਰਦੀ ਸਗੋਂ ਸਕੂਲੀ ਮਾਸਟਰ ਵਾਕੁਰ ਡੰਡੇ ਨਾਲ ਤੋਰੀ ਗਈ ਜਾਪਦੀ ਹੈ। ਕਹਾਣੀ ਦਾ ਆਪਣੇ ਆਪ ਤੁਰਦੇ ਜਾਣਾ ਜਿਥੇ ਕਲਾ ਦਾ ਪ੍ਰਕਾਸ਼ ਕਰਦੀ ਹੈ ਉਥੇ ਮਨ ਨੂੰ ਡੂੰਘਾ ਮੋਂਹਦੀ ਵੀ ਹੈ। ਮਨ ਟਿਕ ਕੇ ਨਹੀਂ ਬੈਠਦਾ ਸਗੋਂ ਕਹਾਣੀ ਦਾ ਪਾਤਰ ਬਣ ਬੈਠਦਾ ਹੈ। ਉਪ੍ਰੋਕਤ ਸਾਰੀਆਂ ਕਮਜ਼ੋਰੀਆਂ ਦਾ ਸੁਧਾਰ ਹੋ ਸਕੇ ਤਾਂ ਕਹਾਣੀ-ਕਥਾ ਤੇ ਕਹਾਣੀ ਵਿਚ ਸੰਪੂਰਨਤਾ ਪ੍ਰਵੇਸ਼ ਕਰ ਸਕਦੀ ਹੈ। ਅੱਡੀ ਦਾ ਜ਼ਖਮ ਤਾਂ ਰੌਲਾ-ਰੱਪਾ ਹੀ ਸੀ। ਕਵਿਤਾ ਦਾ ਭਠਾ ਬੈਠ ਰਿਹਾ ਹੈ ਤੇ ਬੈਠ ਜਾਏਗਾ।

Sri Satguru Jagjit Singh Ji Elibrary NamdhariElibrary@gmail.com

—6 ਫਰਵਰੀ 73—ਸੋਚਦਾ ਸਾਂ ਦਿੱਲੀ ਬੜੀ ਦੂਰ ਹੈ। ਪਰ ਫੇਰ ਵੀ ਜਲੰਧਰ ਦੇ ਵਿਅੰਗ ਨੂੰ ਸਲਾਮ ਹੈ। ਮਾਫ਼ ਕਰਨਾ ਵਿਅੰਗ ਕਿਤੇ ਦਾ ਵੀ ਹੋਵੇ ਅਦਬ ਜ਼ਰੂਰੀ ਹੈ।—ਸਰਕਾਰ ਕਹਿੰਦੇ ਫੈਸਲਾ ਕਰਨ ਜਾ ਰਹੀ ਹੈ ਕਿ ਤਿੰਨ ਸਾਲ ਲਈ ਹੜਤਾਲਾਂ ਬੰਦ ਕਰ ਦਿਤੀਆਂ ਜਾਣ। ਇਸ ਗੱਲ ਤੇ ਵੀ ਤਾਂ ਹੜਤਾਲ ਜ਼ਰੂਰੀ ਹੈ।—ਕਿਵੇਂ ਗੁਜ਼ਰ ਰਹੀ ਹੈ? ਕੰਮ ਕਾਰ ਕਿਥੇ ਤੇ ਕਿਵੇਂ ਹੈ? ਆਪਣਾ ਤਾਂ ਪਹਿਲਾਂ ਵਾਂਗ ਹੀ ਦਿਮਾਗ ਖਰਾਬ ਹੈ ਅਤੇ ਸਮਾਂ ਜ਼ਾਇਆ ਹੋਈ ਜਾ ਰਿਹਾ ਹੈ।—ਸ਼ਕਲੋਂ ਤਾਂ ਸੰਤ ਬਣ ਗਿਆ ਹਾਂ ਕਿਤੇ ਅਕਲ ਵੀ ਮਿਲ ਜਾਂਦੀ ਤਾਂ ਅਨੰਦ ਆ ਜਾਂਦਾ ਸ਼ਾਇਦ......ਕੁਝ ਵੀ ਸੱਚ ਨਹੀਂ ਜਾਪਦਾ। ਨਾ ਦੁਨੀਆਂ, ਨਾ ਸਰੀਰ ਨਾ ਆਤਮਾ ਤੇ ਨਾ ਕੁਝ ਵੀ ਸੱਚ ਨਹੀਂ।

—ਅੰਬਾਲਾ 3 ਫਰਵਰੀ 72— 'ਚੰਡੀਗੜ੍ਹ ਬਹੁਤ ਦੂਰ ਹੈ' ਪਰ ਅਫਸੋਸ ਇਹ ਹੈ ਕਿ ਅੱਜ ਦਾ ਹਰ ਇਨਸਾਨ ਆਪਣੇ ਆਪ ਤੋਂ ਕਿੰਨੀ ਦੂਰ ਹੈ। ਆਪਣੇ ਆਪ ਨੂੰ ਛਡ ਕੇ ਤੁਰਿਆ ਜਾਂਦਾ ਮਨੁੱਖ ਇਕ ਭਟਕਿਆ ਸੁਪਨਾ ਜਾਪਦਾ ਹੈ। ਅਸੀਂ ਤੁਸੀਂ ਸਭ ਵਗਾਰ ਕਰਦੇ ਹਾਂ ਪਰ ਸਮਝਦੇ ਨਹੀਂ। 'ਵਗਾਰ ਦੇ ਕੈਦੀ' ਪੜਦਿਆਂ ਤੇਰੀ ਯਾਦ ਆਉਣੀ ਸੁਭਾਵਿਕ ਸੀ। ਇਸ ਨਾਵਲ ਦੇ ਪਰੂਫ ਕਦੇ ਮੈਂ ਤੇਰੇ ਹੱਥਾਂ ਵਿਚ ਵੇਖੇ ਸਨ। ਗਲ ਉੱਚ ਪਾਏ ਦੀ ਕਰਨੀ।—ਸੂਖੋਂਫ, ਪਾਵਲੋ, ਕਪਤਾਨ, ਟੀਚਰ ਅਤੇ ਮੋਲਡੇਵਿਆਈ ਸਾਰੇ ਪਾਤਰ ਅਜੇ ਤਕ ਜ਼ਿਹਨ ਵਿਚ ਦੁਖਾਂਤ ਦੀਆਂ ਘੜੀਆਂ ਦਾ ਅਤਿ ਔਖਾ ਅਤੇ ਦਿਲ-ਚੋਭਵਾਂ ਜੀਵਨ (ਅ-ਜੀਵਨ) ਹੰਢਾ ਰਹੇ ਹਨ। —ਲੇਖਕ ਦੀ ਕਲਮ ਅਜ਼ਾਦ ਹੈ। ਨਿਰਭਉਤਾ, ਨਿਡਰਤਾ ਅਤੇ ਦਲੇਰੀ ਦੀ ਤਾਂ ਕਮਾਲ ਹੋ ਗਈ। ਅਫ਼ਸਰਾਂ ਲਈ 'ਕੁੱਤੀ ਦਾ ਪੁੱਤ' ਜਿਹੇ ਸ਼ਬਦ ਵਰਤਣੇ ਕਿਸੇ ਖਤਰੇ ਤੋਂ ਖਾਲੀ ਨਹੀਂ ਹੁੰਦਾ। ਕਬਰ ਵਿਚ ਦੱਬੇ ਇਨਸਾਨ ਦਾ ਯਕੀਨ ਨਹੀਂ ਮਰਦਾ। ਉਸ ਦਾ 'ਬਹੁਤ ਕੁਝ' ਸਾਡੇ ਨਾਲ ਹੁੰਦਾ ਹੈ, 'ਬਹੁਤ ਥੋੜਾ' ਕਬਰ ਵਿਚ। 'ਬਹੁਤ ਕੁਝ' ਨੂੰ ਭੁਲਾਉਣਾ ਮਨੁੱਖ ਲਈ ਅਸਾਨ ਨਹੀਂ ਹੋਇਆ ਕਰਦੇ।

—12 ਫਰਵਰੀ 72 ਪਟਿਆਲਾ

—ਤੇਰੀ ਕਲਮ ਨੂੰ ਚੁੰਮਣ (ਪ੍ਰਸੰਸਾ ਦਾ)! ਤੇਰੀ ਕਹਾਣੀ ਪੜਦਿਆਂ ਮੇਰਾ ਅੰਦਰ ਧੜਕਦਾ ਅਤੇ ਤ੍ਰਹਿਕਦਾ ਰਿਹਾ। ਮੈਂ ਤਾ ਮਸਾਂ ਹੀ ਇਹ ਕਹਾਣੀ ਪੜ੍ਹੀ। ਧੰਨ ਹੈ ਜਿਸ ਨੇ ਇਸ ਦੇ ਮਸਾਲੇ ਨੂੰ ਆਪਣੇ ਅਨੁਭਵ ਵਿਚ ਹੰਢਾਇਆ।—ਤੂੰ ਪੁਲਿਸ ਵਿਚ ਭਰਤੀ ਹੋ ਰਿਹੈਂ। ਸਮਾਂ ਬੜੀ ਸ਼ੈਅ ਹੈ।—ਵਕਤ ਬੜਾ ਅਜੀਬ ਹੈ। ਇਕ ਗੁਰਬਾਣੀ ਦਾ ਮਹਾਂਵਾਕ ਯਾਦ ਹੈ—'ਨਦਰਿ ਉਪੱਠੀ ਜੇ ਕਰੇ ਸੁਲਤਾਨਾ ਘਾਉ ਕਰਾਇੰਦਾ'—ਜੇ ਪ੍ਰਮਾਤਮਾ ਆਪਣੀ ਮਿਹਰ ਪੁੱਠੀ ਕਰ ਦੇਵੇ ਤਾਂ ਮਨੁਖ ਨੂੰ ਸੁਲਤਾਨ (ਬਾਦਸ਼ਾਹ) ਤੋਂ ਭਿਖਾਰੀ ਬਣਾ ਦੇਂਦਾ ਹੈ ਜਿਸ ਲਈ ਭਿਖ ਵੀ.........। ਜ਼ਿੰਦਗੀ ਵਿਚ ਕੋਈ ਥਾਂ ਨਾ ਬਣਨੀ ਵੀ ਤਾਂ ਇਕ ਮਹਾਂ ਦੁਖਾਂਤ ਹੈ।

—3 ਦਸੰਬਰ 71,

ਮੇਰੇ ਅੰਦਰ ਬਹੁਤ ਸਾਰੇ ਅਣ ਲਿਖੇ ਹੀ ਖਤ ਪਏ ਹਨ ਜਿਹਨਾਂ ਵਿਚੋਂ ਸਭ ਤੋਂ ਜ਼ਿਆਦਾ ਤੇਰੇ ਵਲ ਹਨ। ਕਦੇ ਵਕਤ ਨੇ ਆਗਿਆ ਬਖਸ਼ੀ ਤਾਂ ਸ਼ਬਦਾਂ ਵਿਚ ਤੇਰੇ ਤਕ ਪਹੁੰਚਾਵਾਂਗਾ।—ਕਿਸੇ ਨੂੰ ਖਤ ਨਾ ਪਾਉਣ ਦਾ ਮਤਲਬ 'ਨਫ਼ਰਤ' ਨਹੀਂ ਹੁੰਦਾ—ਬਹੁਤਾ ਪਿਆਰ ਵੀ ਹੋ ਸਕਦੈ। ਜੇ ਤੈਨੂੰ ਮੇਰੇ ਉਤੇ ਨਰਾਜ਼ਗੀ ਹੋ ਸਕਦੀ ਹੈ ਤਾਂ ਮੈਨੂੰ ਤੇਰੇ ਤੇ ਵੀ ਹੋ ਸਕਦੀ ਹੈ। ਪਰ ਛਡ ਯਾਰ।

—ਲੁਧਿਆਣਾ 17 ਸਤੰਬਰ 74,

ਜ਼ਿੰਦਗੀ ਬੜੀ ਭਿਆਨਕ ਸ਼ੈਅ ਹੈ। ਬੜੀ ਵਾਰ ਜਦੋਂ ਇਸ ਦਾ ਸਾਹਮਣਾ ਕਰਨਾ ਪਿਆ ਹੈ—ਮੈਂ ਕਦੇ ਵੀ ਸਾਬਤ ਨਹੀਂ ਰਿਹਾ। ਕਈ ਵਾਰ ਤਾਂ ਸ਼ੀਸ਼ੇ ਵਾਂਗ ਕਿਰਚਾਂ ਦੇ ਰੂਪ ਵਿਚ ਟੁਟ ਕੇ ਖਿਲਰ ਜਾਂਦਾ ਰਿਹਾ ਹਾਂ—ਪਰ ਉਹ ਕਿਰਚਾਂ ਲੋਕਾਂ ਦੇ ਨਹੀਂ ਮੇਰੇ ਆਪਣੇ 'ਆਪ' ਦੇ ਹੀ ਚੁਭਦੀਆਂ ਰਹੀਆਂ ਹਨ...ਬਸ ਲਹੂ ਲੁਹਾਣ ਹੁੰਦਾ ਰਿਹਾ ਹਾਂ...ਤੇ ਹੁੰਦਾ ਹਾਂ। ਕਹਿੰਦੇ ਜ਼ਿੰਦਗੀ ਜਿਉ ਰਿਹਾ ਹਾਂ। ਬਹੁਤਾ ਵਕਤ ਜੀਅ ਲਗਿਆਂ ਬਿਨਾਂ ਹੀ ਗੁਜ਼ਰ ਜਾਂਦਾ ਹੈ। ਚੰਗਾ ਸਾਥ ਖੁਦਾ ਦੀ ਰਹਿਮਤ ਤੇ ਸੱਚ ਦੀ ਸਾਧਨਾ ਨਾਲ ਹੀ ਪ੍ਰਾਪਤ ਹੁੰਦਾ ਹੈ। ਜਲੰਧਰ ਦੇ ਅਜਿਹੇ ਸਾਥ ਸਮੇਂ ਨੇ ਖੋਹ ਲਏ ਹਨ। ਬਸ ਇਥੇ ਤਾਂ ਵੀਰਾਨੇ 'ਚ ਖੌਹਰ

Sri Satguru Jagjit Singh Ji Elibrary NamdhariElibrary@gmail.com

ਵਰਗੀ ਹੀ ਗੱਲ ਹੈ। ਪਰ ਫਿਰ ਵੀ ਮੁਬਾਰਕ ਹੈ। ਮੈਨੂੰ ਜਦੋਂ ਕਦੋ ਵੀ ਜੋ ਕੋਈ ਵੀ ਸਮਾਂ ਹਾਸਲ ਹੁੰਦਾ ਹੈ ਉਸ ਨੂੰ ਮੁਬਾਰਕ ਹੀ ਆਖਦਾ ਹਾਂ। ਮੇਰੇ ਮਨ ਦੀ ਇਹੋ ਸਚਾਈ ਹੁੰਦੀ ਹੈ। ਮੈਂ ਕੁਝ ਅਜਿਹੇ ਵਿਸ਼ਵਾਸਾਂ ਨੂੰ ਅਪਣਾ ਲਿਆ ਹੈ ਜਿਹਨਾਂ ਵਿਚ ਤਬਦੀਲੀ ਕਰ ਸਕਣਾ ਮੇਰੇ ਵਸ ਦਾ ਰੋਗ ਨਹੀਂ ਰਹਿ ਗਿਆ। ਪਰ ਲੋਕਾਂ ਦੀਆਂ ਗੱਲਾਂ ਸੁਣ ਕੇ ਕਈ ਵਾਰ ਜਜ਼ਬਾਤੀ ਹੋ ਜਾਇਆ ਕਰਦਾ ਹਾਂ।

—22 ਅਗਸਤ 72,

ਤੇਰਾ ਖਤ ਮਿਲਿਆ ਤੂੰ ਸਾਨੂੰ ਮੱਤ ਮਿਲੀ। ਮੱਤ ਵਾਲਿਆਂ ਦਾ ਕੰਮ ਵੀ ਤਾਂ ਹੀ ਚਲ ਸਕਦਾ ਹੈ ਜੇ ਦੁਨੀਆਂ ਦੇ ਬ੍ਰਹਿਮੰਡ ਵਿਚ ਮੂਰਖ ਹੋਣਗੇ। ਸਾਹਿਤਕਾਰ ਦੇ 'ਅੰਦਰਲਾ' ਤਰਲ ਬਣ ਕੇ ਜਦੋਂ ਕਲਮ ਚੋਂ ਕਿਰੇ ਦਰਅਸਲ ਉਹ ਸਾਹਿਤ ਮੰਨਿਆ ਜਾਣਾ ਚਾਹੀਦੈ।

—15 ਜੂਨ 72,

ਤੁਹਾਡੀ ਪਤ੍ਰਕਾ ਪਿਛਲੇ ਦਿਨੀਂ ਪ੍ਰਾਪਤ ਹੋਈ। ਦਲੀਲ ਦਾ ਟਾਕਰਾ ਮੇਰੇ ਵਰਗਾਂ ਜਜ਼ਬਾਤੀ ਮਨੁੱਖ (ਅ-ਮਨੁੱਖ) ਕੀ ਕਰ ਸਕਦਾ ਹੈ? ਮੇਰੀ ਪਤ੍ਰਕਾ ਦਾ ਨੁਕਤਾ ਤੁਸੀਂ ਸਮਝੇ ਨਹੀਂ। ਮੈਂ ਹਰ ਮਹੀਨੇ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਦੇ ਕੋਈ 10-12 ਕੁ ਮੈਗਜ਼ੀਨ ਜ਼ਰੂਰ ਪੜ੍ਹਦਾ ਹਾਂ। 'ਲਕੀਰ' ਇਨ੍ਹਾਂ ਵਿਚ ਸ਼ਾਮਲ ਹੈ। ਮੇਰਾ ਇਰਾਦਾ ਇਹ ਨਹੀਂ ਸੀ ਕਿ ਲਕੀਰ ਨੂੰ ਭੰਡਿਆ ਜਾਵੇ। ਨਿੱਜੀ ਖਤ ਵਿਚ ਨਿੱਜੀ ਮਿਤ੍ਰਈ-ਰਾਏ ਲਿਖਦਿਆਂ ਜਜ਼ਬਾਤੀ ਹੋ ਕੇ ਹੀ ਹਮੇਸ਼ਾਂ ਲਿਖਦਾ ਹਾਂ। ਇਹ ਮੇਰਾ ਸੁਭਾ ਹੈ—ਮੇਰੀ ਸ਼ੋਧ ਹੈ, ਮੇਰੀ ਲਕੀਰ ਹੈ। ਸਮਾਜ ਵਿਚ ਏਨੇ ਕਿਸਮ ਦੇ ਕਤਲ ਦੀ ਪ੍ਰੌੜਤਾ ਵਿਚ ਲਿਖਦਾ ਹੈ? ਮੇਰਾ ਮਤਲਬ ਅਸਾਨੂੰ ਘਟਨਾ ਦੇ ਹਿਰਦੇ ਦੀ ਠੀਕ ਤੇ ਡੂੰਘੀ ਪਹਿਚਾਣ ਕਰ ਲੈਣ ਮਗਰੋਂ ਹੀ ਕੋਈ ਕਦਮ ਪੁਟਣੇ ਚਾਹੀਦੇ ਹਨ—ਉਹ ਭਾਵੇਂ ਲਿਖਤ ਵਿਚ ਹੋਣ ਜਾਂ ਜਿਥੇ ਕਿਤੇ ਵੀ। ਰਹੀ ਗਹਿਰਾਈ ਦੀ ਗੱਲ—ਇਹ ਤਾਂ ਮਨੁੱਖ ਦਾ ਨਿੱਜੀ ਗੁਣ ਹੈ। ਕਿਸੇ M.A. ਪੜ੍ਹੇ ਮਨੁੱਖ ਵਿਚ ਨਾਨਕ ਸਿੰਘ (ਚਾਰ ਜਮਾਤਾਂ) ਤੇ ਸਤਿਆਰਥੀ (ਦਸ ਜਮਾਤਾਂ) ਨਾਲੋਂ ਬਹੁਤ ਘੱਟ ਗਹਿਰਾਈ ਹੋ ਸਕਦੀ ਹੈ। ਬਲਕਿ ਹੈ। ਸੋ ਇਸ ਗਹਿਰਾਈ ਦੇ ਨੁਕਤੇ ਦਾ ਸਬੰਧ ਵੀ ਨਿਜੀ ਮਿਤ੍ਰਈ-ਰਾਏ ਵਿਚੋਂ ਹੋ ਕੇ ਇਕੋ ਨੁਕਤੇ ਨਾਲ ਸੀ। ਵਾਦ ਵਿਵਾਦ ਜਾਂ ਲੀਹਾਂ ਲੇਖਕ ਖੁਦ ਬਣਾਉਂਦਾ ਹੈ—ਇਹਨਾ ਵਿਚ ਨਾ ਪੈਂਦਿਆਂ ਹੋਇਆਂ ਵੀ ਲੇਖਕ ਉਲਝਿਆ ਰਹਿੰਦਾ ਹੈ। ਮੇਰਾ ਇਕ ਨੁਕਤਾ ਇਹੋ ਹੈ ਕਿ ਲੇਖਕ ਆਪਣੇ ਆਪ ਨਾਲ ਸੁਹਿਰਦ ਹੋਵੇ ਤਾਂ ਹੀ ਉਹ ਦੂਜਿਆਂ ਪ੍ਰਤੀ ਸੁਹਿਰਦ ਹੋ ਸਕਦਾ ਹੈ। ਲੋਕ ਮਖੌਟੇ ਪਹਿਨ ਕੇ ਮੈਦਾਨ ਵਿਚ ਨਿੱਤਰ ਪੈਂਦੇ ਹਨ ਤੇ ਬਾਅਦ ਵਿਚ ਉਨ੍ਹਾਂ ਦਾ ਭੇਦ ਖੁਲ੍ਹ ਕੇ ਸਾਹਮਣੇ ਆਉਂਦਾ ਹੈ। ਉਦੋਂ ਹੀ ਘਟਨਾ ਅਤੇ ਲਹਿਰ ਦੇ ਅਸਲੀ ਦੀਦਾਰ ਹੁੰਦੇ ਹਨ। ਉਂਜ ਤੇਰਾ ਖਤ ਵਧੀਆ ਹੈ। ਇਸ ਤਰ੍ਹਾਂ ਦੇ ਵਾਦ ਵਿਵਾਦ ਵੀ ਵਧੀਆ ਰਹਿੰਦੇ ਹਨ—ਵਿਚਾਰ ਵਟਾਂਦਰੇ ਲਈ ਤੇ ਗੱਲ ਦਾ ਧੁਰਾ ਨਿਖਰਦਾ ਰਹਿੰਦਾ ਹੈ।

—6 ਸਤੰਬਰ 72,

ਬੁਢੀ ਰਾਤ ਵੀ ਹੁਸੀਨ ਹੋ ਸਕਦੀ ਹੈ ਤੇ ਬੁਢੀ ਹੁਸੀਨਾ ਵੀ ਰਾਤ ਹੋ ਸਕਦੀ ਹੈ। ਪਰ ਸਾਨੂੰ ਬੁੱਢੀਆਂ ਰਾਤਾਂ ਦੇ ਹਨੇਰੇ ਵਿਚ ਡੁਬਣਾ ਨਹੀਂ ਚਾਹੀਦਾ। ਬਹਾਦਰ ਜਾਂ ਸੂਝਵਾਨ ਤਾਂ ਉਹ ਹੈ ਜੋ ਹਨੇਰੇ ਨੂੰ ਹੰਢਾ ਕੇ ਰੋਸ਼ਨੀ ਦਾ ਪ੍ਰਾਪਤ-ਕਰਤਾ ਬਣੇ। ਦੂਜਿਆਂ ਨੂੰ ਹਨੇਰੇ ਦੀਆਂ ਕਾਲ-ਕੋਠੜੀਆਂ ਵਿਚੋਂ ਕੱਢ ਕੇ ਲਿਆਵੇ—ਉਸ ਨੂੰ ਰੋਸ਼ਨੀ ਦੀ ਕਿਰਨ ਪਿਲਾਵੇ।—ਮੰਚ ਉਤੇ ਹਮੇਸ਼ਾਂ ਵਰਤਮਾਨ ਨੇ ਰਹਿਣਾ ਹੈ—ਫਿਰ ਅਸੀਂ 'ਭੂਤ' ਤੇ 'ਭਵਿਖ' ਦੇ Clown ਬਣ ਕੇ ਕਿਉਂ ਮੰਚ ਦੁਆਲੇ ਫਿਰਦੇ ਹਾਂ? ਰਾਤ ਹੋਵੇ ਜਾਂ ਦਿਨ—ਜੇ ਸਫ਼ਰ ਕੋਲ ਕਦਮ ਹਨ ਤਾਂ ਡਰ ਕਾਹਦਾ, ਭਉ ਕਾਹਦਾ?—ਖਤ ਉਡੀਕਣਾ ਮਾੜਾ ਨਹੀਂ—ਪਰ ਜੇ ਲਿਖਨ ਵਾਲੇ ਕੋਲ ਸ਼ਬਦ ਨਾ ਹੋਣ ਤਾਂ ਗਿਲਾ ਆਪਣੇ ਆਪ 'ਗੁਲ' ਹੋ ਜਾਇਆ ਕਰਦੈ। ਰਫ਼ਪਾਲ ਸਿੰਘ ਪਾਲ ਨੇ ਗਜ਼ਲ ਆਖੀ ਮੁਬਾਰਕ ਕਹਿੰਣਾ। ਪਰ ਉਹ ਗੀਤ ਨਾ ਗਾਇਆ ਕਰੇ। —ਆਖਰ 'ਚ ਹਰਫਾ ਭਰੀ ਸਲਾਮ ਕਰਦਾ ਹਾਂ।

—ਤੇਰਾ ਸ਼ਾਮ ਸਿੰਘ

Sri Satguru Jagjit Singh Ji Elibrary NamdhariElibrary@gmail.com

ਕੀਮਤੀ ਵਸਤੂ

ਇਕ ਸੋਵੀਅਤ ਲੋਕ ਕਥਾ

ਇਕ ਵਾਰ ਦੀ ਗੱਲ ਹੈ ਇਕ ਪਿੰਡ ਵਿਚ ਦੋ ਨੌਜੁਆਨ ਰਹਿੰਦੇ ਸਨ। ਉਹ ਜਦੋਂ ਕਿਤੇ ਮਿਲਦੇ ਤਾਂ ਆਪਣੀਆਂ ਖ਼ਾਹਸ਼ਾਂ ਬਾਰੇ ਘੱਲ ਬਾਤ ਕਰਨ ਲੱਗ ਪੈਂਦੇ।

ਪਹਿਲਾ ਕਹਿੰਦਾ :—ਹਾਏ ਜੇ ਕਿਤੇ ਮੇਰੇ ਕੋਲ ਸਿਰਫ ਸੌ ਘੋੜੀਆਂ ਹੀ ਹੋਣ ਤਾਂ ਮੈਂ ਧਰਤੀ ਤੇ ਸਭ ਤੋਂ ਖੁਸ਼ਕਿਸਮਤ ਮਨੁਖ ਹੁੰਦਾ।"

ਜਦੋਂ ਕਿ ਦੂਸਰਾ ਆਖਦਾ, "ਘੋੜੀਆਂ ਕੌਣ ਚਾਹੁੰਦਾ ਹੈ ? ਹੁਣ ਜੇ ਮੇਰੇ ਕੋਲ ਸੌ ਸਚੇ ਦੋਸਤ ਹੋਣ ਤਾਂ ਮੈਂ ਹਰ ਕਿਸੇ ਨਾਲੋਂ ਵੱਧ ਖੁਸ਼ਕਿਸਮਤ ਹੋਵਾਂਗਾ।

"ਨਹੀਂ" ਪਹਿਲਾਂ ਕਹਿੰਦਾ ਘੋੜੀਆਂ ਕਿਤੇ ਵਧੀਆਂ ਹੁੰਦੀਆਂ ਹਨ।'

"ਬਿਲਕੁਲ ਨਹੀਂ"—ਦੂਸਰਾ ਆਖਦਾ "ਸੱਚੇ ਦੋਸਤਾਂ ਨਾਲੋਂ ਜ਼ਿਆਦਾ ਕੋਈ ਵੀ ਚੀਜ਼ ਕੀਮਤੀ ਨਹੀਂ।

ਇਸ ਵਾਰ ਵੀ ਉਹਨਾਂ ਗਲਬਾਤ ਕੀਤੀ ਕਿ ਸਭ ਤੋਂ ਜ਼ਿਆਦਾ ਕੀਮਤੀ ਚੀਜ਼ ਕਿਹੜੀ ਹੈ। ਕਾਫੀ ਦੇਰ ਬਹਿਸ ਕਰਨ ਪਿਛੋਂ ਉਹ ਹੇਠ ਲਿਖੇ ਸਿੱਟੇ ਤੇ ਪੁਜੇ।

"ਸਾਡੇ ਚੋਂ ਹਰ ਇਕ ਦੂਰ ਚਲਾ ਜਾਵੇਗਾ ਅਤੇ ਜਿਵੇਂ ਉਹ ਸਭ ਤੋਂ ਠੀਕ ਸਮਝੇ ਕਰੇਗਾ। ਜਿਹੜਾ ਘੋੜੀਆਂ ਚਾਹੁੰਦਾ ਹੈ ਇੱਕਠੀਆਂ ਕਰ ਸਕਦਾ ਹੈ ਅਤੇ ਜਿਹੜਾ ਸੱਚੇ ਦੋਸਤ ਚਾਹੁੰਦਾ ਹੈ, ਉਹਨਾਂ ਦੀ ਭਾਲ ਕਰ ਸਕਦਾ ਹੈ।"

ਇਹ ਕਹਿ ਕੇ ਉਹ ਆਪਣੇ ਵੱਖ ਵੱਖ ਰਸਤਿਆਂ ਤੇ ਚੱਲ ਪਏ।

ਕੁਝ ਸਮਾਂ ਬਾਅਦ ਨੌਜੁਆਨ ਵਾਪਸ ਘਰੀਂ ਪਰਤ ਆਏ ਅਤੇ ਇਕ ਦੂਜੇ ਬਾਰੇ ਪੁਛ ਗਿਛ ਕਰਨ ਲੱਗੇ।

"ਅੱਛਾ ਤੁਸੀਂ ਕੀ ਕੀਤਾ" ਪਹਿਲੇ ਨੇ ਪੁਛਿਆ।

"ਵਧੀਆ" ਦੂਸਰੇ ਨੇ ਕਿਹਾ, "ਮੈਂ ਤਾਂ 99 ਦੋਸਤ ਲਭੇ ਹਨ, ਅਤੇ ਤੁਸੀਂ ਕਿਵੇਂ ਰਹੇ।

"ਮੈਂ ਵੀ ਬਹੁਤ ਅੱਛਾ ਰਿਹਾ ਹਾਂ। ਮੈਂ 99 ਬਹੁਤ ਵਧੀਆ ਘੋੜੀਆਂ ਪ੍ਰਾਪਤ ਕੀਤੀਆਂ ਹਨ।

ਫਿਰ ਦੂਸਰੇ ਨੌਜੁਆਨ ਨੇ ਕਿਹਾ।

ਚੰਗਾ ਜੀ ਕਿਉਂਕਿ ਤੁਹਾਡਾ ਸੈਂਕੜਾ ਬਨਣ ਵਿਚ ਇਕ ਘੋੜੀ ਘੱਟ ਹੈ ਇਸ ਲਈ ਤੁਹਾਨੂੰ ਆਪਣੀ ਘੋੜੀ ਦਿਆਂਗਾ ਜਿਹੜੀ ਸਭ ਤੋਂ ਸੋਹਣੀ ਅਤੇ ਤੇਜ਼ ਹੈ।'

'ਅਤੇ ਮੈਂ ਤੇਰਾ ਸੱਚਾ ਦੋਸਤ ਬਣਾਂਗਾ।' ਪਹਿਲੇ ਨੇ ਕਿਹਾ।

ਇਹ ਤਾ ਬਹੁਤ ਕਮਾਲ ਹੋ ਗਿਆ। ਹੁਣ ਮੇਰੇ ਇਕ ਸੌ ਦੋਸਤ ਹਨ। ਮੈਂ ਹੁਣ ਖੁਸ਼ਕਿਸਮਤ ਨਹੀਂ ਹਾਂ ?

'ਮੇਰੇ ਕੋਲ ਸੌ ਘੋੜੀਆਂ ਹਨ ਮੈਥੋਂ ਖੁਸ਼ਕਿਸਮਤ ਹੋਰ ਕੌਣ ਹੈ।'

ਪਹਿਲੇ ਜੁਆਨ ਨੇ ਆਪਣੀ ਮਾਂ ਨੂੰ ਕਿਹਾ, 'ਮੈਂ ਐਵੇਂ ਹੀ ਘਰੋਂ ਦੂਰ ਨਹੀਂ ਰਿਹਾ। ਦੇਖ ਮੈਂ ਕਿੰਨੀਆਂ ਵਧੀਆ ਘੋੜੀਆਂ ਲਿਆਇਆ ਹਾਂ। ਕੀ ਇਹ ਅਸਚਰਜਨਕ ਕਿਸਮਤ ਨਹੀਂ ਅਤੇ ਛੇਤੀ ਹੀ ਮੈਂ ਹੋਰ ਵੀ ਅਮੀਰ ਅਤੇ ਖੁਸ਼ਕਿਸਮਤ ਹੋ ਜਾਵਾਂਗਾ ਕਿਉਂਕਿ ਇਕ ਸਾਲ ਵਿਚ ਹਰ ਇਕ ਘੋੜੀ ਇਕ ਵਛੇਰੀ ਦੇਵੇਗੀ।

ਕੁਝ ਹੀ ਸਾਲਾਂ ਵਿਚ ਮੇਰੇ ਕੋਲ ਸਭ ਤੋਂ ਵਡਾ ਤਬੇਲਾ ਹੋ ਜਾਵੇਗਾ।

ਉਸ ਦੀ ਮਾਂ ਬਹੁਤ ਖੁਸ਼ ਹੋਈ।

Sri Satguru Jagjit Singh Ji Elibrary NamdhariElibrary@gmail.com

ਦੂਸਰੇ ਨੌਜੁਆਨ ਨੇ ਆਪਣੇ ਲੰਬੇ ਸਫਰ ਬਾਰੇ ਆਪਣੀ ਮਾਂ ਨੂੰ ਦਸਿਆ। ਉਹਨੇ ਮਾਂ ਨੂੰ ਦਸਿਆ ਕਿ ਉਹ ਕਿਥੇ ਕਿਥੇ ਗਿਆ। ਰਸਤੇ ਵਿਚ ਦੀ ਕੁਝ ਵੇਖਿਆ ਅਤੇ ਕਿਸ ਕਿਸ ਨੂੰ ਉਹਨੇ ਦੋਸਤ ਬਣਾਇਆ।

'ਹੁਣ ਮੈਂ ਸਭ ਤੋਂ ਵਧ ਖੁਸ਼ ਕਿਸਮਤ ਹਾਂ ਮੇਰੇ ਕੋਲ ਪੂਰੇ ਇਕ ਸੌ ਦੋਸਤ ਹਨ।'

ਉਸ ਦੀਆਂ ਕਹਾਣੀਆਂ ਸੁਣ ਕੇ ਉਸ ਦੀ ਮਾਂ ਨੇ ਸਿਰ ਹਿਲਾਇਆ ਤੇ ਕਿਹਾ—

'ਪੁਤਰ ਇਹ ਸਭ ਠੀਕ ਹੈ ਪਰ ਮੈਂ ਪਹਿਲਾਂ ਤੈਨੂੰ ਇਕ ਗਲ ਕਹਾਂਗੀ, ਪਹਿਲਾਂ ਆਪਣੇ ਦੋਸਤਾਂ ਨੂੰ ਪਰਖ ਲੈ ਅਤੇ ਵੇਖ ਕੇ ਉਹ ਕੰਮ ਵੇਲੇ ਵੀ ਸੱਚੇ ਦੋਸਤ ਹਨ ਕਿ ਨਹੀਂ। ਕੇਵਲ ਫੇਰ ਹੀ ਤੂੰ ਕਹਿ ਸਕਦਾ ਹੈਂ ਕਿ ਖੁਸ਼ਕਿਸਮਤ ਹੈਂ।

"ਪਰ ਮੈਂ ਇਸ ਗਲ ਦਾ ਪਤਾ ਕਿਵੇਂ ਲਾਵਾਂ।"

ਉਹਦੀ ਮਾਂ ਨੇ ਕਿਹਾ, "ਘੋੜੇ ਤੇ ਚੜ੍ਹ ਜਾ ਆਪਣੇ ਦੋਸਤਾਂ ਦੇ ਸਾਰੇ ਪਿੰਡਾਂ ਵਿਚ ਜਾ ਅਤੇ ਉਹਨਾਂ ਨੂੰ ਦਸ ਕਿ ਤੇਰੇ ਤੇ ਆਫਤ ਆ ਗਈ ਹੈ ਅਤੇ ਜੋ ਕੁਝ ਤੇਰੇ ਕੋਲ ਸੀ ਉਹ ਬਰਬਾਦ ਹੋ ਗਿਆ ਹੈ ਵੇਖ ਫੇਰ ਤੇਰੇ ਦੋਸਤ ਤੇਰੇ ਨਾਲ ਕਿਵੇਂ ਵਰਤਾਅ ਕਰਦੇ ਹਨ।"

ਮੁੰਡਾ ਘੋੜੇ ਤੇ ਸਵਾਰ ਹੋ ਕੇ ਆਪਣੇ ਦੋਸਤਾਂ ਨੂੰ ਆਪਣੀ ਅਖੌਤੀ ਬਦਕਿਸਮਤੀ ਬਾਰੇ ਦੱਸਣ ਲਈ ਟਿਭ ਗਿਆ।

ਜਿਸ ਰਾਤ ਉਹ ਘਰੋਂ ਗਿਆ ਪਹਿਲਾਂ ਜੁਆਨ ਆਪਣੀਆਂ ਸਾਰੀਆਂ ਘੋੜੀਆਂ ਲੁਟਾ ਬੈਠਾ।

ਸਵੇਰੇ ਉਹਨੇ ਵੇਖਿਆ ਕਿ ਉਹ ਸਭ ਕੁਝ ਗਵਾ ਬੈਠਾ ਹੈ ਅਤੇ ਇਕ ਵਾਰ ਫੇਰ ਪਹਿਲਾਂ ਵਾਂਗ ਹੀ ਗਰੀਬ ਹੋ ਗਿਆ ਹੈ। ਉਹ ਏਧਰ ਉਧਰ ਦੌੜਿਆ ਤੇ ਲੋਕਾਂ ਨੂੰ ਪੁਛਿਆ ਕਿ ਕੀ ਕਿਸੇ ਨੇ ਲੁਟੇਰਿਆਂ ਨੂੰ ਇੱਜੜ ਲਿਜਾਂਦਿਆਂ ਤਾਂ ਨਹੀਂ ਦੇਖਿਆ। ਪਰ ਸਭ ਨੇ ਇਕ ਹੀ ਉੱਤਰ ਦਿਤਾ।

"ਨਹੀਂ ਅਸਾਂ ਨਾ ਕਿਸੇ ਨੂੰ ਵੇਖਿਆ ਹੈ ਨਾ ਕਿਸੇ ਨੂੰ ਜਾਣਦੇ ਹਾਂ।"

ਘਰ ਆ ਕੇ ਉਹ ਇਕ ਖੂੰਜੇ ਵਿਚ ਸਿਰ ਫੜਕੇ ਬੈਠ ਗਿਆ ਅਤੇ ਕਿਹਾ, "ਉਂਹ! ਕਿੰਨੀ ਦੁਰਘਟਨਾ ਹੋ ਗਈ ਹੈ। ਮੇਰੀ ਕਿਸਮਤ ਫੁਟ ਗਈ ਹੈ। ਇਹ ਥੋਹੜਾ ਸਮਾਂ ਹੀ ਰਹੀ ਹੁਣ ਮੈਂ ਧਰਤੀ ਤੇ ਸਭ ਤੋਂ ਬਦ-ਕਿਸਮਤ ਆਦਮੀ ਹਾਂ।

ਇਸੇ ਦੌਰਾਨ ਦੂਸਰਾ ਨੌਜੁਆਨ ਵਾਪਸ ਆ ਗਿਆ ਅਤੇ ਆਪਣੀ ਮਾਂ ਨੂੰ ਦੱਸਣ ਲੱਗਾ, "ਮਾਂ ਮੇਰੇ ਦੋਸਤ ਸੱਚੇ ਹਨ। ਤੂੰ ਵੇਖਦੀ ਤਾਂ ਪਤਾ ਲਗਦਾ ਉਹ ਕਿੰਨੇ ਦੁਖੀ ਹੋਏ ਹਰ ਇਕ ਨੇ ਮੈਨੂੰ ਧਨ, ਦੌਲਤ, ਕਪੜੇ ਅਤੇ ਘੋੜੇ ਪੇਸ਼ ਕੀਤੇ। ਮੈਂ ਇਹ ਕਹਿੰਦਿਆਂ ਇਨਕਾਰ ਕਰ ਦਿਤਾਂ ਕਿ ਮੈਨੂੰ ਇਹਨਾਂ ਦੀ ਲੋੜ ਨਹੀਂ ਹੈ ਪਰ ਉਹ ਮੇਰੇ ਇਨਕਾਰ ਵਾਲੀ ਗਲ ਹੀ ਨਾ ਸੁਨਣ। ਖਿੜਕੀ ਚੋਂ ਬਾਹ ਝਾਕ ਕੇ ਆਪ ਵੇਖ ਲੈ।

ਉਸਦੀ ਮਾਂ ਨੇ ਖਿੜਕੀ ਚੋਂ ਬਾਹਰ ਝਾਕਿਆ ਅਤੇ ਸਭ ਪਾਸਿਆਂ ਤੋਂ ਲੋਕ ਆਉਂਦੇ ਵੇਖੇ। ਕਈ ਡੰਗਰ ਹਿਕੀ ਆਉਂਦੇ ਸਨ ਕਈ ਅਨਾਜ ਲਿਆ ਰਹੇ ਸਨ, ਕਈ ਕਪੜੇ ਅਤੇ ਭਾਂਡੇ ਲਿਆ ਰਹੇ ਸਨ।

ਘਰ ਪਹੁੰਚ ਕੇ ਉਹਨਾਂ ਕਿਹਾ ਦੋਸਤ ਸਾਨੂੰ ਇਨਕਾਰ ਨਾ ਕਰ, ਨਾਹ ਕਰ ਕੇ ਸਾਡਾ ਦਿਲ ਨਾ ਦੁਖਾਓ।

ਮਾਂ ਪੁਤ ਨੇ ਸਭ ਦਾ ਧਨਵਾਦ ਕੀਤਾ ਅਤੇ ਬੇਨਤੀ ਕੀਤੀ ਕਿ ਉਹ ਸਭ ਕੁਝ ਵਾਪਸ ਲੈ ਜਾਣ।

ਮਾਂ ਨੇ ਕਿਹਾ, 'ਅਸੀਂ ਤੁਹਾਡੀ ਦੋਸਤੀ ਪਰਖਣਾ ਚਾਹੁੰਦੇ ਸਾਂ।'

ਪਰ ਦੋਸਤਾਂ ਇਹ ਗੱਲ ਨਾ ਸੁਣੀ ਅਤੇ ਆਪਣੇ ਤੋਹਫੇ ਉਥੇ ਰਖ ਦਿਤੇ। ਦੋਹਾਂ ਨੂੰ ਸ਼ੁਭ ਕਾਮਨਾ ਭੇਟ ਕੀਤੀ ਤੇ ਪਿੰਡੋ ਪਿੰਡ ਚਲੇ ਗਏ।

'ਤੂੰ ਠੀਕ ਹੈਂ ਪੁਤਰ' ਮਾਂ ਨੇ ਕਿਹਾ। ਉਹ ਸਚੇ ਦੋਸਤ ਹਨ। ਤੂੰ ਆਪਣੇ ਆਪ ਨੂੰ ਖੁਸ਼ਕਿਸਮਤ ਸਮਝ ਸਕਦਾ ਹੈਂ।'

ਫੇਰ ਉਸ ਨੇ ਉਹਦੇ ਦੋਸਤ ਦੀ ਬਦਕਿਸਮਤੀ ਬਾਰੇ ਦਸਿਆ। ਨੌਜੁਆਨ ਨੇ ਆਪਣੇ ਦੋਸਤਾਂ ਪਾਸੋਂ ਪ੍ਰਾਪਤ ਸਾਰੀ ਦੌਲਤ ਉਸ ਦੋਸਤ ਨੂੰ ਦੇ ਦਿਤੀ ਅਤੇ ਕਿਹਾ—

'ਫਿਕਰ ਨਾ ਕਰ ਅਤੇ ਯਾਦ ਰੱਖ ਕਿ ਜਦੋਂ ਕਿਸੇ ਦੇ ਦੋਸਤ ਹੋਣ ਉਹ ਸਦਾ ਉਸ ਦੀ ਮਦਦ ਲਈ ਆਵਣਗੇ।'

'ਇਹ ਠੀਕ ਗਲ ਹੈ'। ਪਹਿਲੇ ਨੇ ਕਿਹਾ। ਹੁਣ ਮੈਨੂੰ ਖੁਦ ਨੂੰ ਵੀ ਪਤਾ ਲਗ ਗਿਆ ਹੈ ਦੌਲਤ ਨਹੀਂ ਸਗੋਂ ਸਚਾ ਦੋਸਤ ਸਭ ਤੋਂ ਕੀਮਤੀ ਚੀਜ਼ ਹੁੰਦੀ ਹੈ। ਤੂੰ ਆਪਣੀ ਮਿਸਾਲ ਨਾਲ ਇਸ ਨੂੰ ਸਿਧ ਕਰ ਦਿਤਾ ਹੈ।

Sri Satguru Jagjit Singh Ji Elibrary NamdhariElibrary@gmail.com

ਆਪੇ ਦਾ ਗਿਆਨ

ਕਵਿਤਾਂ ਅਤੇ ਕਹਾਣੀ ਦੀ ਦੁਨੀਆਂ ਤੋਂ ਹਟ ਕੇ ਕਦੇ ਕਦੇ ਜਦ ਏਕਾਂਤ ਵਿਚ ਆਪਣੇ ਨਾਲ ਜੁੜਦਾ ਹਾਂ ਤਾਂ ਆਪਣੇ ਆਪ ਨੂੰ ਪੜ੍ਹਣ ਦਾ ਜਤਨ ਕਰਦਾ ਹਾਂ। ਉਹਨਾਂ ਪਲਾਂ ਵਿਚ ਜੋ ਕੁਝ ਮੇਰੇ ਅੰਦਰੋਂ ਸਿਰ ਚੁਕਦਾ ਹੈ ਉਸ ਨੂੰ ਮੈਂ ਸ਼ਬਦਾਂ ਵਿਚ ਬਨ੍ਹਣ ਦਾ ਜਤਨ ਕਰਦਾ ਹਾਂ।

ਬੇ-ਜ਼ਬਾਨ

ਤਰਲੋਕ ਮਨਸੂਰ

ਮੇਰੇ ਅੰਦਰ ਇਹ ਕੀ ਹੈ ? ਇਸ ਬਾਰੇ ਮੈਂ ਕੁਝ ਕਹਿਣਾ ਚਾਹੁੰਦਾ ਹਾਂ ਪਰ ਕਹਿ ਨਹੀਂ ਸਕਦਾ ?

ਕਦੇ ਕਦੇ ਮੇਰੇ ਅੰਦਰ ਕਿਤੇ ਮੱਧਮ ਮੱਧਮ ਸਵਰ ਵਿਚ ਸਾਜ਼ ਛਿੜ ਜਾਂਦੇ ਹਨ। ਮੈਂ ਵਾਇਲਨ ਉਠਾਂ ਲੈਂਦਾ ਹਾਂ। ਤਾਰਾਂ ਉਤੇ ਗਜ਼ ਫੇਰਦਾ ਹਾਂ, ਪਰ ਇਹ ਧਵਨੀ ਮੇਰੀ ਅੰਦਰਲੀ ਸੁਰ ਨਾਲ ਮੇਲ ਨਹੀਂ ਖਾਂਦੀ। ਨਿਰਾਸ਼ ਹੋ ਵਾਇਲਨ ਨੂੰ ਇਕ ਨੁਕਰੇ ਰਖ ਦੇਂਦਾ ਹਾਂ।

ਕਦੇ ਕਦੇ ਮੇਰੇ ਮਸਤਕ ਵਿਚ ਰੰਗਾਂ ਦੀ ਬਰਸਾਤ ਹੁੰਦੀ ਹੈ। ਬੁਰਸ਼ ਤੇ ਰੰਗਾਂ ਦਾ ਡੱਬਾ ਲੈ ਮੈਂ ਏਕਾਂਤ ਵਿਚ ਬੈਠ ਜਾਂਦਾ ਹਾਂ। ਮੈਂ ਇਹਨਾਂ ਰੰਗਾਂ ਦੀ ਸੱਤਰੰਗੀ ਪੀਂਘ ਨੂੰ ਫੜ ਲੈਣਾ ਚਾਹੁੰਦਾ ਹਾਂ। ਪਰ ਆਹ...ਰੰਗਾਂ ਦੀ ਲੀਲਾ ਮੈਨੂੰ ਮੁਗਧ ਤਾਂ ਕਰਦੀ ਹੈ, ਹਥ ਨਹੀਂ ਆਉਂਦੀ।

ਆਪਣੀ ਕਸਕ ਨੂੰ ਮੈਂ ਕਵਿਤਾ ਰਾਹੀਂ ਆਖਣਾਂ ਚਾਹੁੰਦਾ ਹਾਂ, ਸ਼ਬਦ ਨਹੀਂ ਜੁੜਦੇ।

ਆਪਣੇ ਅੰਦਰਲੀ ਇਸ ਕਲਵਲ ਨੂੰ ਮੈਂ ਕੀ ਨਾਂਅ ਦੇਵਾਂ ? ਮੇਰੇ ਇਸ ਅਣਕਹੇ ਦਰਦ ਨੂੰ ਕੌਣ ਸਮਝੇਗਾ ? ਕੌਣ ਜਾਣੇਗਾ ?

[ਤੂੰ ਕੌਣ ਹੈਂ ?]

ਤੂੰ ਕੌਣ ਹੈਂ ਜੋ ਮੇਰੇ ਅੰਦਰ ਮਧੁਰ ਮਧੁਰ ਸੰਗੀਤ ਦਾ ਸੰਚਾਰ ਕਰ ਰਿਹਾ ਹੈਂ ?

ਮੈਂ ਤੇ ਨਵੀਂ ਰੋਸ਼ਨੀ ਦਾ ਰੁਸ਼ਨਾਇਆ, ਵੀਹਵੀਂ ਸਦੀ ਦਾ ਗਿਆਨਵਾਨ ਬੰਦਾ ਹਾਂ। ਸਾਇੰਸ ਦਾ ਵਿਸ਼ਵਾਸੀ ਮੈਨੂੰ ਚੰਗੀ ਤਰ੍ਹਾਂ ਪਤਾ ਹੈ :—ਇਹ ਸਾਰੀ ਦੀ ਸਾਰੀ ਸਰਿਸ਼ਟੀ ਛਿਨ ਛਿਨ ਰੂਪ ਵਟਾਂਦੇ ਮਾਦੇ ਤੋਂ ਹੀ ਹੋਂਦ ਵਿਚ ਆਈ ਹੈ।

ਤੂੰ ਕੌਣ ਹੈਂ ਜੋ ਮੇਰੇ ਅੰਦਰ ਬੰਸੀ ਦੀ ਤਾਨ ਨੂੰ ਛੇੜਦਾ ਤੇ ਝਿਮ ਝਿਮ ਬਰਸੇ ਅੰਮ੍ਰਿਤ ਧਾਰਾ ਬਣਕੇ ਬਰਸ ਰਿਹਾ ਹੈਂ ? ਜਦ ਕਿ ਇਸ ਪਦਾਰਥਵਾਦ ਵਿਚ ਤੇ ਤੇਰਾ ਕਿਤੇ ਜ਼ਿਕਰ ਹੀ ਨਹੀਂ।

[ਮੁਲਾਕਾਤ]

ਰਾਣੀ ਜੀਉ, ਅਸੀਂ ਇਹ ਕਿਹੁ ਜਹੀ ਮੁਲਾਕਾਤ ਕਰਦੇ ਹਾਂ ? ਵਰ੍ਹਿਆਂ ਬਾਦ ਤਕਦੀਰ ਸਾਨੂੰ ਇਕੱਠਿਆਂ ਕਰਦੀ ਹੈ। ਦੋ ਹਥਾਂ ਦੀ ਵਿਥ ਤੇ ਵਖੋ ਵੱਖ ਕੁਰਸੀਆਂ ਵਿਚ ਅਸੀਂ ਬੈਠ ਜਾਂਦੇ ਹਾਂ। ਬਿਰਹਾ ਦੀ ਦਾਸਤਾਂ ਮੈਂ ਕਹਿੰਦਾ ਰਹਿੰਦਾ ਹਾਂ, ਉਖੜੇ ਉਖੜੇ ਸਾਹਾਂ ਨਾਲ, ਟੁਟੇ ਭਜੇ ਬੋਲਾਂ ਵਿਚ ਤੇ ਬੇ-ਸੁਰ ਹੋਈ ਦਿਲ ਦੀ ਧੜਕਨ ਨਾਲ। ਤੁਹਾਡੀਆਂ ਪਲਕਾਂ ਡਿਗੀਆਂ ਰਹਿੰਦੀਆਂ ਹਨ। ਤੁਹਾਡੇ ਹਥ ਅਹਿਲ ਤੁਹਾਡੇ ਪਟਾਂ ਤੇ ਪਏ ਰਹਿੰਦੇ ਹਨ।

ਕੀ ਪਤਾ ਤੁਸੀਂ ਇਸ ਦਾਸਤਾਂ ਨੂੰ ਸੁਣਦੇ ਵੀ ਹੋ ਕਿ ਨਹੀਂ।

ਕੀ ਇੰਜ ਨਹੀਂ ਹੋ ਸਕਦਾ ? ਮੈਂ ਤੁਹਾਡੇ ਹਥ ਫੜ ਕੇ ਘੁਟ ਲਵਾਂ ? ਤੁਸੀਂ ਆਪਣਾ ਸੀਸ ਮੇਰੀ ਹਿਕ ਤੇ ਧਰ ਦੇਵੋ, ਬਾਹਾਂ ਦਾ ਸ਼ਿਕੰਜਾ ਘੁਟਿਆ ਜਾਵੇ। ਤੁਹਾਡੇ ਹੋਠਾਂ ਤੇ ਹੋਂਠ ਧਰਕੇ ਮੈਂ ਤੁਹਾਡੀ ਸਾਰੀ ਆਤਮਾ ਨੂੰ ਪੀ ਜਾਵਾਂ।

ਤੇ ਫੇਰ...ਏਸ ਮਧਹੋਸ਼ੀ ਦੀ ਵਿਸਮਾਦ ਮਈ ਅਵਸਥਾ ਵਿਚ ਜੁਗ ਬੀਤ। ਜਾਣ...ਪਰਲੋ ਆਵੇ ਤੇ ਅਸੀਂ ਫਿਰ ਤੋਂ ਉਸ ਮਹਾਂ ਖਾਮੋਸ਼ੀ ਅੰਦਰ ਲੀਨ ਹੋ ਜਾਈਏ, ਜਿਥੋਂ ਕਦੇ ਜਾਗੇ ਸਾਂ।

ਸਾਨੂੰ ਕਾਹਦੇ ਬੰਧਨ ਹਨ ?
ਸਾਨੂੰ ਕਾਹਦੀ ਮਜ਼ਬੂਰੀ ਹੈ ?

Sri Satguru Jagjit Singh Ji Elibrary NamdhariElibrary@gmail.com

ਪੁਸਤਕ ਰੀਵੀਊ

ਗੋਲ ਫਰੇਮ (ਕਹਾਣੀ ਸੰਗ੍ਰਿਹ)

ਲੇਖਕ ਪ੍ਰੋ: ਸੁਲੱਖਣ ਮੀਤ

ਗੋਲ ਫਰੇਮ ਪ੍ਰੋ: ਸੁਲਖਣ ਮੀਤ ਦਾ ਅਠ੍ਹਾਰਾਂ ਮੌਲਿਕ ਕਹਾਣੀਆਂ ਦਾ ਦੂਜਾ ਕਹਾਣੀ ਸੰਗ੍ਰਿਹਿ ਹੈ। ਉਸਨੇ ਆਪਣੀਆਂ ਕਹਾਣੀਆਂ ਵਿਚ ਅਛੂਤੇ ਵਿਸ਼ੇ ਛੂਹੇ ਹਨ। ਉਸ ਦੇ ਪਾਤਰ ਮਧ-ਵਰਗ ਦੀਆਂ ਔਰਤਾਂ ਜਾਂ ਮਰਦ ਹਨ। ਉਸਨੇ ਇਹਨਾਂ ਪਾਤਰਾਂ ਦੇ ਮਨਾਂ ਦਾ ਡੂੰਘਾ ਵਿਸ਼ਲੇਸ਼ਣ ਕੀਤਾ ਹੈ। ਕਹਾਣੀਆਂ ਪੜ੍ਹਕੇ ਲਗਦਾ ਹੈ, ਉਹ ਹਿਸਟਰੀ ਦਾ ਮਨੋਵਿਗਿਆਨ ਜਾਂ ਪੰਜਾਬੀ ਦਾ ਪ੍ਰੋਫੈਸਰ ਹੋਏਗਾ। ਪਰ, ਉਸਨੇ ਆਪਣੀਆਂ ਕਹਾਣੀਆਂ ਵਿਚ ਇਤਿਹਾਸ-ਦਾ ਸਹਾਰਾ ਵੀ ਲਿਆ ਹੈ। ਇਸੇ ਸਹਾਰੇ ਨਾਲ ਉਸਨੇ ਪਾਤਰਾਂ ਦੀਆਂ ਉਲਝਣਾਂ ਨੂੰ ਸੁਲਝਾਇਆ ਹੈ। ਤੇ ਸਵੈ-ਹੀਣਤਾ ਦੀ ਭਾਵਨਾ ਦਾ ਸ਼ਿਕਾਰ ਹੋ ਰਹੇ ਲੋਕਾਂ ਨੂੰ ਜਗਾਇਆ ਹੈ। ਉਦਾਹਰਣ ਉਸਦੀ ਕਹਾਣੀ "ਆਪੇ ਦਾ ਅਹਿਸਾਸ" ਹੈ।

ਵਿਅੰਗ ਚੰਗੇ ਸਾਹਿਤ ਦਾ ਵਿਸ਼ੇਸ਼ ਗੁਣ ਹੁੰਦਾ ਹੈ, ਇਸ ਬਾਰੇ ਦੋ ਰਾਵਾਂ ਨਹੀਂ ਹੋ ਸਕਦੀਆਂ, 'ਮੀਤ' ਆਪਣੇ ਵਿਅੰਗ-ਤੀਰ ਬੜੀ ਤੀਬਰਤਾ ਨਾਲ ਕੱਸਦਾ ਹੈ। ਜਿਵੇਂ, ਕੁੜੀਆਂ ਸਮੱਗਲ ਕਰਨ ਵਾਲਿਆਂ ਉੱਤੇ "ਤਰੱਕੀ ਕਰਦੇ ਲੋਕ" ਵਿਚ ਤੇ ਕੁੜੀਆਂ ਮਗਰ ਸ਼ਿਕਾਰੀ ਕੁੱਤਿਆਂ ਵਾਂਗ ਫਿਰਨ ਵਾਲਿਆਂ ਉੱਤੇ "ਕੁੱਤੇ ਦੀ ਪੂੰਛ" ਵਿਚ।

ਲਮਕਾ ਉਸਦੀ ਕਿਸੇ ਕਹਾਣੀ ਵਿਚ ਨਹੀਂ। ਰਵਾਨਗੀ ਉਸਦੀ ਹਰ ਕਹਾਣੀ ਵਿਚ ਹੈ। ਉਸ ਨੇ ਥੋੜੇ ਸ਼ਬਦਾਂ ਵਿਚ ਵੱਡੀ ਗੱਲ ਕਹਿਣ ਦੀ ਆਪਣੀ ਸਮਰੱਥਾ ਨੂੰ ਕਾਇਮ ਰੱਖਿਆ ਹੈ। ਜਿਸ ਦੀਆਂ ਸੋਹਣੀਆਂ ਮਿਸਾਲਾਂ ਉਸਦੀ ਕਹਾਣੀ ਸੰਹਣੀ ਤੋਂ ਬਿਨਾਂ "ਅੱਖੜ ਸੁਭਾ ਦੀ ਮੌਤ" ਅਤੇ "ਮਾਪਿਆਂ ਦਾ ਵਿਚੋਲਾ" ਹਨ।

"ਮੀਤ" ਸਾਡੇ ਸਮਾਜ ਵਿਚ ਕੈਂਸਰ ਵਾਂਗ ਫੈਲੀ ਕਾਣੀ ਵੰਡ ਤੋਂ ਭਲੀ ਪ੍ਰਕਾਰ ਜਾਣੂ ਹੈ। ਉਹ ਇਸ ਕਾਣੀ ਵੰਡ ਦੇ ਸ਼ਿਕਾਰ ਹੋਏ ਲੋਕਾਂ ਦੀ ਫੋਟੋਗਰਾਫੀ ਹੀ ਨਹੀਂ ਕਰਦਾ ਸਗੋਂ ਇਲਾਜ ਵੀ ਦੱਸਦਾ ਹੈ, "ਇਹ ਨਹੀਂ ਸਾਨੂੰ ਪੁੱਗਣਾ" ਵਿਚ।

ਉਹ ਪਾਤਰਾਂ ਦੀ ਉਸਾਰੀ ਉਹਨਾਂ ਦੇ ਸੁਭਾਂਵਾਂ ਤੋਂ ਹੀ ਨਹੀਂ ਕਰਦਾ, ਸਗੋਂ ਉਹਨਾਂ ਦੀ ਬਾਹਰੀ ਦੱਖ ਤੋਂ ਵੀ ਕਰਦਾ ਹੈ। ਜਿਵੇਂ "ਗੁੱਡੀਆਂ ਦੇ ਖੇਡਣ ਵਾਲੀ" ਕਹਾਣੀ ਵਿਚ ਦੇ ਜੀਤੋ ਦੇ ਕਿਰਦਾਰ ਨੂੰ ਉਸਰਿਆ ਗਿਆ ਹੈ। ਜੇ ਇਸ ਕਿਰਦਾਰ ਨੂੰ ਦੇਖਕੇ ਕਹੀਏ ਕਿ ਕਹਾਣੀ ਮੱਧ-ਵਰਗੀ ਔਰਤ ਦੀ ਪ੍ਰਤੀਨਿਧਤਾ ਕਰਦੀ ਹੈ ਤਾਂ ਅਤਿਕਥਨੀ ਨਹੀਂ ਹੋਏਗੀ।

ਇਕ ਕ੍ਰਾਂਤੀਕਾਰ ਨੌਜੁਆਨ ਦੇ ਵਿਚਾਰਾਂ ਨੂੰ ਜਿਸ ਢੰਗ ਨਾਲ "ਮੀਤ" ਨੇ ਕਹਾਣੀ "ਗੋਲ ਫਰੇਮ" ਵਿਚ ਪੇਸ਼ ਕੀਤਾ ਹੈ, ਉਹ ਆਪਣੇ ਆਪ ਵਿਚ ਵਿਲੱਖਣ ਹੈ।

"ਬਦਲਿਆ" ਮਨੁੱਖ "ਨਿੱਕਾ ਨਿੱਕਾ, ਵੱਡਾ ਵੱਡਾ" "ਇਕ ਸਫਰ ਹੋਰ" "ਅਗਾਂਹ ਵੱਲ ਵਾਪਸੀ" "ਆਪਣੇ ਆਪਣੇ ਰਾਹਾਂ ਦੀ ਪਛਾਣ" ਤੇ "ਆਦਮੀ" ਵੀ ਇਸ ਕਹਾਣੀ ਸੰਗ੍ਰਿਹ ਦੀਆਂ ਸਫਲ ਕਹਾਣੀਆਂ ਹਨ। "ਇਜਤਾਂ ਵਾਲੇ" ਕਹਾਣੀ ਸੰਗ੍ਰਿਹ ਤੋਂ ਬਾਅਦ "ਗੋਲ ਫਰੇਮ" ਵੀ ਪ੍ਰੋ: ਸੁਲੱਖਣ ਮੀਤ ਦਾ ਇਕ ਸਫਲ ਯਤਨ ਹੈ। ਇਸ ਨੂੰ ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ ਨੇ ਸੁਚੱਜੇ ਢੰਗ ਨਾਲ 107 ਸਫਿਆਂ ਵਿਚ ਛਾਪ ਕੇ ਕੀਮਤ ਅੱਠ ਰੁਪਏ ਰੱਖੀ ਹੈ। ਮੈਂ ਸਮਝਦਾ ਹਾਂ ਕਿ ਇਹ ਕਹਾਣੀ ਸੰਗ੍ਰਿਹ ਪੜ੍ਹਨ ਤੋਂ ਕਿਸੇ ਵੀ ਪੰਜਾਬੀ ਪ੍ਰੇਮੀ ਨੂੰ ਵਾਂਝਾ ਨਹੀਂ ਰਹਿਣਾ ਚਾਹੀਦਾ।

ਰੇਲੂ ਰਾਮ ਕੁਹਾੜਾ ਐਮ. ਏ.
ਪਿੰ: ਡਾ: ਕੁਹਾੜਾ ਜ਼ਿਲਾ ਲੁਧਿਆਣਾ।

Sri Satguru Jagjit Singh Ji Elibrary NamdhariElibrary@gmail.com

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office : 258411
: 2:0345
Resi. : 213054

ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ
ਚਾਂਦਨੀ ਚੌਂਕ ਦਿਲੀ ੧੧੦੦੦੬.

Manufacturers & Suppliers of :

TUKRIDAR PRINTED SHAMIANAS & KANATS

FOR ALL KINDS, IN ATTRACTIVE AND GUARANTEED FAST COLOURS ;

WOODEN & STEEL FURNITURE

PLEASE CONTACT

NAMDHARI AGENCIES

2/2068 CHAH ANDARA,

(Behind Jubilee Cinema)

CHANDNI CHOWK, DELHI-110006

Sri Satguru Jagjit Singh Ji Elibrary NamdhariElibrary@gmail.com

WITH BEST COMPLIMENTS

FROM

Harbhajan Sarabjit Associates

ENGINEERS & CONTRACTORS

124, Dussehra Ground, K O T A - 9

(Rajasthan)

ਵਰਿਆਮ ਮਈ ੧੯੭੯

Sri Satguru Jagjit Singh Ji Elibrary NamdhariElibrary@gmail.com

Registered : NW/JL—97 MONTHLY WARIAM May 1979

Registered with the registrar of News Papers for India No. 26453/75

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

ASOKA BISCUIT

ਭਰਪੂਰ ਤੰਦਰੁਸਤੀ ਅਤੇ ਵਧੀਆ ਸਵਾਦ ਲਈ ਵਰਤੋ

Phones : 565693, 562588

Sri Hari Partap Trading Centre

6/85 W. E. A. KAROL BAGH

NEW DELHI-110005

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫ਼ਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ । ਪ੍ਰਕਾਸ਼ਨ ਮਿਤੀ 5-5-1979

Sri Satguru Jagjit Singh Ji Elibrary NamdhariElibrary@gmail.com